Fair Advice Financial | Carle Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6


# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 106 Monday, June 03, 2019 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ


TOP 4% TREB REALTOR 2018
"Believe In The Best" ROYAL CANADIAN
Buy With $0 Down Payment
SELL YOUR HOUSE Quick & For Top $$$$
GO WITH PRO SELLING GTA or MISSISSAUGA FOR FOUR YEARS
Hardeep Sivia BROKER 647-970-7374
www.HardeepSivia.com

## ਗੈਰਸੰਵੇਦਨਸ਼ੀਲ ਟਿੱਪਣੀਆਂ ਕਾਰਨ ਸ਼ੀਅਰ ਨੇ ਐਮਪੀ ਕੂਪਰ ਨੂੰ ਨਿਆਂ ਕਮੇਟੀ ਤੋਂ ਕੀਤਾ ਪਾਸੇ

ਓਟਵਾ, 2 ਜੂਨ (ਪੋਸਟ ਬਿਊਰੋ) : ਐਂਡਰੀਊ ਸ਼ੀਅਰ ਵੱਲੋਂ ਇਹ ਸਪਸ਼ਟ ਕੀਤਾ ਗਿਆ ਹੈ ਕਿ ਇਸ ਹਫਤੇ ਕੀਤੀਆਂ ਗਈਆਂ ਟਿੱਪਣੀਆਂ ਕਾਰਨ ਉਨ੍ਹਾਂ ਵੱਲੋਂ ਕੰਜ਼ਰਵੇਟਿਵ ਮੈਂਬਰ ਆਫ ਪਾਰਲੀਆਮੈਂਟ ਮਾਈਕਲ ਕੂਪਰ ਨੂੰ ਨਿਆਂ ਕਮੇਟੀ ਤੋਂ ਪਾਸੇ ਕਰ ਦਿੱਤਾ ਗਿਆ ਹੈ।



ਸ਼ੀਅਰ ਨੇ ਆਖਿਆ ਕਿ ਪਾਰਲੀਆਮੈਂਟਰੀ ਸੁਣਵਾਈ ਦੌਰਾਨ ਕੂਪਰ ਵੱਲੋਂ ਕ੍ਰਾਈਸਟਚਰਚ ਦੇ ਮਸ਼ਕੂਕ ਸੂਟਰ ਵੱਲੋਂ ਮੁਸਲਮਾਨ ਗਵਾਹ ਨੂੰ ਆਖੀਆਂ ਗੱਲਾਂ ਦਾ ਹਵਾਲਾ ਦੇਣਾ ਗੈਰਸੰਵੇਦਨਸ਼ੀਲ ਤੇ ਅਸਵੀਕਾਰਯੋਗ ਸੀ। ਜ਼ਿਕਰਯੋਗ ਹੈ ਕਿ ਨਿਊਜ਼ੀਲੈਂਡ ਦੀਆਂ ਦੋ ਮਸਜਿਦਾਂ ਵਿੱਚ 51 ਲੋਕਾਂ ਨੂੰ ਮੌਤ ਦੇ ਘਾਟ ਉਤਾਰਨ ਵਾਲੇ ਬ੍ਰੈਂਟਨ ਟੈਰੈਂਟ ਵੱਲੋਂ ਚਸ਼ਮਦੀਦਾਂ ਲਈ ਲਿਖੇ ਗਏ ਮੈਨੀਫੈਸਟੋ ਵਿੱਚੋਂ ਕੁੱਝ ਹਿੱਸਾ ਪੜ੍ਹਨ ਲਈ ਕੂਪਰ ਨੇ ਮੁਆਫੀ ਵੀ ਮੰਗੀ ਸੀ। ਕੂਪਰ ਨੇ ਆਖਿਆ ਸੀ ਕਿ ਉਸ ਨੇ ਖੁਦ ਨੂੰ ਸਰਬਉੱਚ ਮੰਨਣ ਵਾਲੇ ਗੋਰੀ ਨਸਲ ਦੇ ਮੁਸਲਮਾਨ ਵਿਰੋਧੀ ਤੇ ਮਾਸੂਮ ਲੋਕਾਂ ਦੇ ਕਾਤਲ ਵੱਲੋਂ ਲਿਖੀਆਂ ਗੱਲਾਂ ਦਾ ਹਵਾਲਾ ਇਹ ਦਰਸਾਉਣ ਲਈ ਦਿੱਤਾ ਸੀ ਕਿ ਇਸ ਤਰ੍ਹਾਂ ਦੇ ਕਾਰੇ ਕੰਜ਼ਰਵੇਟਿਜ਼ਮ ਨਾਲ ਸਬੰਧਤ ਨਹੀਂ ਹਨ। ਕੂਪਰ ਨੇ ਆਖਿਆ ਕਿ ਉਸ ਨੂੰ ਇਸ ਤਰ੍ਹਾਂ ਦੀਆਂ ਟਿੱਪਣੀਆਂ ਨਹੀਂ ਸਨ ਕਰਨੀਆਂ ਚਾਹੀਦੀਆਂ ਤੇ ਕਾਤਲ ਦਾ ਨਾਂ ਵੀ ਨਹੀਂ ਸੀ ਲੈਣਾ ਚਾਹੀਦਾ।

ਸ਼ੀਅਰ ਨੇ ਆਖਿਆ ਕਿ ਸੇਂਟ ਐਲਬਰਟ-ਐਡਮੰਟਨ ਦੀ ਨੁਮਾਇੰਦਗੀ ਕਰਨ ਵਾਲੇ ਕੂਪਰ ਨੂੰ ਉਨ੍ਹਾਂ ਇਹ ਸਾਫ ਕਰ ਦਿੱਤਾ ਹੈ ਕਿ ਉਸ ਦੀ ਇਸ ਹਰਕਤ ਤੋਂ ਬਾਅਦ ਹੁਣ ਉਹ ਨਿਆਂ ਕਮੇਟੀ ਵਿੱਚ ਸ਼ਾਮਲ ਨਹੀਂ ਹੋ ਸਕੇਗਾ।

## ਰੈਪਟਰਜ਼ ਦੀ ਜਿੱਤ ਦੇ ਜਸ਼ਨ ਮਨਾ ਰਹੇ ਵਿਅਕਤੀ ਦਾ ਕਤਲ ਕਰਨ ਵਾਲਾ ਮਸ਼ਕੂਕ ਗ੍ਰਿਫਤਾਰ



ਹੈਮਿਲਟਨ, 2 ਜੂਨ (ਪੋਸਟ ਬਿਊਰੋ) : ਹੈਮਿਲਟਨ ਸਟਰੀਟ ਉੱਤੇ ਟੋਰਾਂਟੋ ਰੈਪਟਰਜ਼ ਦੀ ਗੇਮ 1 ਦੀ ਜਿੱਤ ਦੇ ਜਸ਼ਨ ਮਨਾ ਰਹੇ ਵਿਅਕਤੀ ਨੂੰ ਚਾਕੂ ਮਾਰ ਕੇ ਮੌਤ ਦੇ ਘਾਟ ਉਤਾਰਨ ਵਾਲੇ 20 ਸਾਲਾ ਮਸ਼ਕੂਕ ਨੂੰ ਪੁਲਿਸ ਨੇ ਹਿਰਾਸਤ ਵਿੱਚ ਲੈ ਲਿਆ ਹੈ। ਪੁਲਿਸ ਨੂੰ ਸ਼ੁੱਕਰਵਾਰ ਰਾਤੀਂ 12:30 ਵਜੇ ਸ਼ਰਮਨ ਐਵਨਿਊ ਤੇ ਬਾਰਟਨ ਸਟਰੀਟ ਉੱਤੇ ਸੱਦਿਆ ਗਿਆ ਜਿੱਥੇ ਰੈਪਟਰਜ਼ ਦੀ ਗੇਮ ਵੇਖਣ ਤੋਂ ਬਾਅਦ ਇੱਕ ਗਰੁੱਪ ਆਪਣੇ ਘਰਾਂ ਦੇ ਬਾਹਰ ਨਿਕਲ ਕੇ ਜਿੱਤ ਦੇ ਜਸ਼ਨ ਮਨਾ ਰਿਹਾ ਸੀ। ਜਾਂਚਕਾਰਾਂ ਨੇ ਦੱਸਿਆ ਕਿ ਇੱਕ ਪੁਰਸ਼ ਮਸ਼ਕੂਕ ਆਪਣੀ ਲਾਲ ਰੰਗ ਦੀ ਵੋਕਸਵੈਗਨ ਜੈਟਾ ਸੇਡਾਨ ਵਿੱਚ ਉੱਥੇ ਪਹੁੰਚਿਆ ਤੇ ਕੁੱਝ ਸੈਕਿੰਡ ਦੇ ਫੋਰ ਵਿੱਚ ਉਸ ਨੇ ਜਸ਼ਨ ਮਨਾ ਰਹੇ ਗਰੁੱਪ ਦੇ ਲੋਕਾਂ ਨਾਲ ਬਹਿਸਨਾਂ ਸ਼ੁਰੂ ਕਰ ਦਿੱਤਾ ਤੇ ਚਾਕੂ ਕੱਢ ਲਿਆ। ਉਸ ਮਸ਼ਕੂਕ ਨੇ ਕਥਿਤ ਤੌਰ ਉੱਤੇ 23 ਸਾਲਾ ਤਾਇਕੁਆਨ ਬ੍ਰਾਊਨ ਨੂੰ ਚਾਕੂ ਮਾਰ ਦਿੱਤਾ। ਜ਼ਖ਼ਮੀ ਹਾਲਤ ਵਿੱਚ ਬ੍ਰਾਊਨ ਬਾਰਟਨ ਸਟਰੀਟ ਦੇ ਉੱਤਰ ਵੱਲ ਐਲੇਵੇਅ ਉੱਤੇ ਲੜਖੜਾ ਕੇ ਡਿੱਗ ਪਿਆ ਤੇ ਉੱਥੋਂ ਮਸ਼ਕੂਕ ਭੱਜ ਨਿਕਲਿਆ। ਪੈਰਾਮੈਡਿਕਸ ਵੱਲੋਂ ਬ੍ਰਾਊਨ ਨੂੰ ਹੈਮਿਲਟਨ ਦੇ ਜਨਰਲ ਹਸਪਤਾਲ ਵਿੱਚ ਲਿਜਾਇਆ ਗਿਆ ਜਿੱਥੇ ਬਾਅਦ ਵਿੱਚ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਸ਼ੁੱਕਰਵਾਰ ਸ਼ਾਮ ਤੱਕ ਪੁਲਿਸ ਨੇ ਮਸ਼ਕੂਕ ਦੀ ਪਛਾਣ ਕਰਕੇ ਉਸ ਦੀਆਂ ਤਸਵੀਰਾਂ ਜਨਤਕ ਕਰ ਦਿੱਤੀਆਂ। ਸ਼ਨਿੱਚਰਵਾਰ ਦੁਪਹਿਰ ਦੇ 3:00 ਵਜੇ ਪੁਲਿਸ ਨੇ ਮਸ਼ਕੂਕ ਦਾ ਪਤਾ ਲਾ ਲਿਆ ਤੇ ਉਸ ਨੂੰ ਫਰਸਟ ਡਿਗਰੀ ਮਰਡਰ ਦੇ ਮਾਮਲੇ ਵਿੱਚ ਗ੍ਰਿਫਤਾਰ ਕਰਨ ਮਗਰੋਂ ਚਾਰਜ ਕੀਤਾ ਗਿਆ ਹੈ। ਮਸ਼ਕੂਕ ਦੀ ਪਛਾਣ ਡਾਇਲਨ ਮੌਨੀਜ਼ ਦੁਆਰਤੇ ਵਜੋਂ ਕੀਤੀ ਗਈ।

## ਗਲੋਬਲ ਪੱਧਰ ਉੱਤੇ ਔਰਤਾਂ ਦੀ ਬਰਾਬਰੀ ਦੇ ਸਮਰਥਨ ਲਈ ਕੈਨੇਡਾ ਵੱਲੋਂ ਨਵੇਂ ਫੰਡਿੰਗ ਮਾਡਲ ਦਾ ਐਲਾਨ

ਵੈਨਕੂਵਰ, 2 ਜੂਨ (ਪੋਸਟ ਬਿਊਰੋ) : ਕੈਨੇਡਾ ਵਿੱਚ ਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਔਰਤਾਂ ਦੇ ਅਧਿਕਾਰਾਂ ਦੀ ਰਾਖੀ ਕਰਨ ਵਾਲੀਆਂ ਸੰਸਥਾਵਾਂ ਦੀ ਕਿਸ ਤਰ੍ਹਾਂ ਮਦਦ ਕੀਤੀ ਜਾਂਦੀ ਹੈ ਇਸ ਬਾਰੇ ਕੈਨੇਡਾ ਦੀ ਜੈਂਡਰ ਇਕੁਆਲਿਟੀ ਮੰਤਰੀ ਨੇ ਫੈਡਰਲ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਪਹਿਲਕਦਮੀਆਂ ਦਾ ਐਲਾਨ ਕੀਤਾ।




ਮਰੀਅਮ ਮੋਨਸੇਫ ਦਾ ਕਹਿਣਾ ਹੈ ਕਿ ਵਿਕਾਸਸ਼ੀਲ ਦੇਸ਼ਾਂ ਲਈ ਆਪਣੇ ਤਥਾ ਕਥਿਤ ਇਕੁਆਲਿਟੀ ਫੰਡ ਵਿੱਚ ਫੈਡਰਲ ਸਰਕਾਰ ਵੱਲੋਂ 300 ਮਿਲੀਅਨ ਡਾਲਰ ਦਾ ਨਿਵੇਸ਼ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਪਰਉਪਕਾਰੀ, ਗੈਰ ਮੁਨਾਫੇ ਵਾਲੀਆਂ ਤੇ ਵਿੱਤੀ ਸੈਕਟਰ ਨਾਲ ਜੁੜੀਆਂ 11 ਸੰਸਥਾਵਾਂ ਨੂੰ ਇਸ ਲਈ ਇੱਕ ਮੰਚ ਉੱਤੇ ਲਿਆਂਦਾ ਗਿਆ, ਜਿਨ੍ਹਾਂ ਵਿੱਚ ਕੈਨੇਡਾ ਸਥਿਤ ਮੈਚ ਇੰਟਰਨੈਸ਼ਨਲ ਵੂਮਨਜ਼ ਫੰਡ, ਦੀ ਐਫਰੀਕਨ ਵੂਮਨਜ਼ ਡਿਵੈਲਪਮੈਂਟ ਫੰਡ ਤੇ ਓਕਸਫੈਮ ਕੈਨੇਡਾ ਸ਼ਾਮਲ ਹਨ। ਇਹ ਸੱਭ ਜੈਂਡਰ ਇਕੁਆਲਿਟੀ ਲਈ ਠੋਸ ਮੈਕੇਨਿਜ਼ਮ ਕਾਇਮ ਕਰਨ ਲਈ ਕੀਤਾ ਗਿਆ।

ਮੋਨਸੇਫ ਨੇ ਇਹ ਵੀ ਆਖਿਆ ਕਿ ਓਟਵਾ ਵੱਲੋਂ ਤਿੰਨ ਗਰੁੱਪਜ਼-ਕਮਿਊਨਿਟੀ ਫਾਊਂਡੇਸ਼ਨਜ਼ ਆਫ ਕੈਨੇਡਾ, ਦ ਕੈਨੇਡੀਅਨ ਵੂਮਨਜ਼ ਫਾਊਂਡੇਸ਼ਨ ਤੇ ਗ੍ਰੈਂਡ ਚੈਲੈਂਜਿਜ਼ ਕੈਨੇਡਾ ਵਰਗੇ ਤਿੰਨ ਗਰੁੱਪਜ਼ ਵਿੱਚੋਂ ...ਬਾਕੀ ਪੰਨਾ 3 'ਤੇ

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Address: 1550 South Gateway Rd. Suite 220 Mississauga, ON L4W 5G6

ALLKIND INSURANCE
NOW HIRING !!!
LIFE INSURANCE • SUPER VISA INSURANCE • CRITICAL ILLNESS INS • MORTGAGE INSURANCE • TRAVEL & VISITOR INS • DISABILITY INSURANCE • RESP & TFSA & RRSP • FUNERAL INSURANCE
SIMRAN SAINI 416.994.7272 www.allkindinsurance.com

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

INSURANCE
Home Auto Business Trucking R.E.S.P Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre 25
Cell: 416-841-4218 Tel: 905-216-5563
AvonFinancial Inc. Advice you can bank on. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ 647-784-1213 www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration • Real Estate • Family Law • Business Closing • Corporate • Wills & Estate • Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕਾਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public 905-362-0755

ਕੀ ਤੁਸੀ ਕਾਕਰੋਚ, ਚੂੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ੍ਹ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
Custom Kitchen Cabinets
Legal Basement
Completly Furnished
Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

INTERMODAL DIVISION OF EVCRO INC
WANTED! OWNER OPERATORS
Qualifications: Minimum 2 years experience, Minimum 21 years of age with a clean abstract & CVOR.
Payment Weekly
Direct Deposit
Safety Bonus Program
Fuel surcharge paid
Container division paid per mile (additional paid on train units).
New rates!!!!
Call Matt, or Wayne at 1-800-265-8526

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੌ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator 647.990.3205

MANN LAW FIRM
Real Estate Law • Business Law • Wills & Estates • Family Law • Power of Attorney • Civil Litigation • Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

JEYA TRANSPORT LTD.

# LOOKING FOR LONG/SHORT HAULS

## A/Z DRIVERS FOR USA/LOCAL CANADA/TORONTO-MONTREAL

- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ

- Looking For dedicated A/Z Drivers For USA/Local Canada/ Toronto - Montreal
- Every Pick up and Drop off is in the same place
- Good Job, Per Mile 0.55 Cents and Up
- New Trucks And Trailers 2016-2018

## ALSO HIRING OWNER OPERATORS




202-2386 Haines Rd., Mississauga ON.

**416-832-7131 / 905-564-8851**

202-2386 Haines Rd., Mississauga, ON

www.jeyatransport.com
Email: ramesh@jeyatransport.com



ਸਾਡੇ ਕੋਲ Brampton ਵਿਚ ਬਿਲਡਰ ਦੇ ਨਵੇਂ ਬਣੇ ਕੁੱਝ ਘਰ Sale ਲਈ ਹਨ। 90 ਦਿਨ ਦੀ Closing.




## HOUSE FOR SALE IN CASTLEMORE

ਬਰੈਂਪਟਨ ਦੇ ਕੈਸਲਮੋਅਰ ਏਰੀਆ ਵਿਚ 3000sqft ਦਾ ਅਪਗ੍ਰੇਡ ਕੀਤਾ ਗਿਆ ਘਰ। ਇਸ ਵਿੱਚ 5+2 ਬੈੱਡਰੂਮ ਅਤੇ 6 ਬਾਥਰੂਮ ਹਨ। Seperate Entry ਨਾਲ ਬੇਸਮੈਂਟ ਪੂਰੀ ਤਰ੍ਹਾਂ ਤਿਆਰ ਹੈ। ਸਾਰੇ ਘਰ ਵਿਚ ਹਾਰਡਵੁੱਡ ਪਈ ਹੈ। Front ਤੇ ਨਵੀਂ ਸਟੋਨ ਅਤੇ Stucco ਕੀਤੀ ਗਈ ਹੈ। ਨਵੀਆਂ ਗੈਰਾਜ ਡੋਰਾਂ। ਵੱਡੀ ਕਿਚਨ। ਬੈਕ ਤੇ ਵੱਡਾ ਡੈੱਕ ਅਤੇ Patio. ਸਾਰੇ ਘਰ ਦੇ ਦੁਆਲੇ ਸਟੈਂਪ ਕੰਕਰੀਟ ਹੈ। 4 ਕਾਰ ਦਾ Driveway ਬਿਨਾਂ ਸਾਈਡ ਵਾਕ ਤੋਂ। ਬੇਸਮੈਂਟ ਵਿੱਚ ਅਲੱਗ 2 ਹਿੱਸੇ ਬਣੇ ਹੋਏ ਹਨ। ਸਾਰੇ ਗ੍ਰੇਡ ਦੇ ਸਕੂਲਾਂ ਦੇ ਨੇੜੇ। Hwy 50 & Cottrelle Intersection. 45x92 ਫੁੱਟ ਦਾ ਪਲਾਟ। ਸਿਰਫ 6 ਸਾਲ ਨਵੇਂ ਘਰ ਨੂੰ ਦੇਖਣ ਲਈ ਅੱਜ ਹੀ ਕਾਲ ਕਰੋ।।

HURRY ! Limited Time

$1.99 Million






**Custom Bungalow** In Everett-Estates on a 1.61 Acre Lot., 3+2 Bedrooms & 4 Washrooms. 3 Garages. Alliston City ਦੇ ਬਿਲਕੁਲ ਨਾਲ. Pool & Cabanas. Fully Upgraded Worth of $150K In Upgrades. Brampton ਤੋਂ ਸਿਰਫ 40 ਮਿੰਟ ਦੀ ਦੂਰੀ ਤੇ ਸਥਿਤ ਇਸ ਵਧੀਆ ਬੰਗਲੋ ਨੂੰ ਦੇਖਣ ਲਈ ਅੱਜ ਹੀ ਕਾਲ ਕਰੋ।



Jagraj Sekhon
Sales Representative
Dir: 416-562-1176

Century 21 People's Choice Realty Inc, Brokerage

Dhanwant Gosal
Broker
Dir: 416-277-4153



TOTAL HOME Windows & Doors

ਮਨ ਪਸੰਦ ਦੀਆਂ ਖਿੜਕੀਆਂ ਤੇ ਦਰਵਾਜੇ ਲਗਵਾਉ ਤੇ ਢੇਰ ਸਾਰੀ ਬਚਤ ਪਾਓ!

## WINTER & SPRING SPECIAL SALE

- WINDOWS
- FIBERGLASS DOORS
- STEEL DOORS
- SLIDING PATIO DOORS

Guaranteed lowest Price up to **50% OFF**

- Honest & fair prices
- Professional installation
- High quality products
- First class service



For 5 Stars Reviews Online & Testimonial visit: https://thwindowsdoors.com/testimonials/

Phone: 416-661-6666 | Toll Free: 1-855-550-0610

7250 Keele street, Unit 167, Vaughan, ON. L4K 1Z8
Email: info@thwindowsdoors.com | Web: thwindowsdoors.com



# Data everywhere. No surprise charges anywhere.

NEW

NATION-WIDE. NO ZONES.
TALK, TEXT & DATA PLANS
$35/MO.

chatr™ AUTHORIZED DEALER

379 Main St. North, Brampton, ON

2456 Lake shore Blvd W., Etobicoke, ON

905-451-0379

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਗੁੱਸਾ ਜਦੋਂ ਇਸਰਾਈਲ ਨੂੰ ਨਵਾਂ ਚੜ੍ਹਿਆ,
ਸੀਰੀਆ ਉੱਤੇ ਉਸ ਸੁੱਟ 'ਤੇ ਬੰਬ ਮੀਆਂ।
ਦਿੱਤੀ ਜਨਤਾ ਅਣਭੋਲ ਆ ਮਾਰ ਸੁਣਿਆ,
ਔਰਤ-ਮਰਦ ਸਭ ਦਿੱਤੇ ਈ ਝੰਬ ਮੀਆਂ।
ਮੁੜ-ਮੁੜ ਆਉਂਦੇ ਜਹਾਜ਼ ਸੀ ਇੰਜ ਸਿੱਧੇ,
ਵਿੰਹਦੇ-ਸੁਣਦਿਆਂ ਰੂਹ ਗਈ ਕੰਬ ਮੀਆਂ।
ਰੋਕਣ ਵਾਲਾ ਨਹੀਂ ਉੱਠਿਆ ਕੋਈ ਮੂਹਰੇ,
ਹਮਲਾਵਰ ਆਪ ਹੀ ਹਟੇ ਸੀ ਹੰਭ ਮੀਆਂ।
ਜਿਹੜੀ ਦੁਨੀਆ ਦੀ ਕਿਤੇ ਪੰਚਾਇਤ ਬੈਠੀ,
ਉਹਨੇ ਪਾਈ ਨਹੀਂ ਕਦੇ ਕੋਈ ਰੋਕ ਮੀਆਂ।
ਮੇਮਣਾ ਮਰਨ ਦਾ ਸਿਰਫ ਅਫਸੋਸ ਕਰਦੀ,
ਰੋਕਦੀ ਕਦੇ ਨਹੀਂ ਬੁੱਕ ਰਿਹਾ ਬੋਕ ਮੀਆਂ।

ਤੀਸ ਮਾਰ ਖਾਂ

# ਗਲੋਬਲ ਪੱਧਰ ਉੱਤੇ ਔਰਤਾਂ ਦੀ ਬਰਾਬਰੀ ਦੇ ਸਮਰਥਨ ਲਈ ਕੈਨੇਡਾ ਵੱਲੋਂ ਨਵੇਂ ਫੰਡਿੰਗ ਮਾਡਲ ਦਾ ਐਲਾਨ

...ਪੰਨਾ 1 ਦਾ ਬਾਕੀ

ਹਰੇਕ ਲਈ ਘਰੇਲੂ ਪ੍ਰੋਗਰਾਮਾਂ ਵਾਸਤੇ ਦਿੱਤੀ ਜਾਣ ਵਾਲੀ ਡੋਨੇਸ਼ਨਜ਼ ਲਈ 10 ਮਿਲੀਅਨ ਡਾਲਰ ਤੱਕ ਦੀ ਮਦਦ ਦੇਣ ਦਾ ਤਹੱਈਆ ਵੀ ਪ੍ਰਗਟਾਇਆ ਗਿਆ ਹੈ। ਇੱਕ ਰਲੀਜ਼ ਵਿੱਚ ਗਲੋਬਲ ਅਫੇਅਰਜ਼ ਨੇ ਆਖਿਆ ਕਿ 100 ਮਿਲੀਅਨ ਡਾਲਰ ਪਹਿਲਾਂ ਹੀ ਇੱਕਠਾ ਕੀਤਾ ਜਾ ਚੁੱਕਿਆ ਹੈ ਤੇ ਫੈਡਰਲ ਸਰਕਾਰ ਦਾ ਟੀਚਾ ਅਗਲੇ 15 ਸਾਲਾਂ ਵਿੱਚ ਇਸ ਨੂੰ 1 ਬਿਲੀਅਨ ਡਾਲਰ ਤੱਕ ਪਹੁੰਚਾਉਣਾ ਹੈ।

ਇੱਥੇ ਦੱਸਣਾ ਬਣਦਾ ਹੈ ਕਿ ਇਸ ਹਫਤੇ ਵੂਮਨ ਡਲਿਵਰ ਕਾਨਫਰੰਸ ਵਿੱਚ ਹਿੱਸਾ ਲੈਣ ਲਈ ਮੋਨਸੇਫ ਵੈਨਕੂਵਰ ਵਿੱਚ ਸੀ। ਗਲੋਬਲ ਅਫੇਅਰਜ਼ ਡਿਪਾਰਟਮੈਂਟ ਨੂੰ ਇਸ ਕਾਨਫਰੰਸ ਵਿੱਚ ਦੁਨੀਆ ਭਰ ਤੋਂ 9000 ਅਧਿਕਾਰੀਆਂ ਤੇ ਜੈਂਡਰ ਇਕੁਆਲਿਟੀ ਦੀ ਪੈਰਵੀ ਕਰਨ ਵਾਲਿਆਂ ਦੇ ਇੱਕਠੇ ਹੋਣ ਦੀ ਸੰਭਾਵਨਾ ਹੈ।

# ਸ਼ਾਰਦਾ ਚਿੱਟ ਫੰਡ: ਨਾਰਦ ਸਟਿੰਗ ਕਾਂਡ ਵਿੱਚ ਈ ਡੀ ਵੱਲੋਂ ਚਾਰ ਜਣਿਆਂ ਨੂੰ ਸੰਮਨ

ਕੋਲਕਾਤਾ, 2 ਜੂਨ (ਪੋਸਟ ਬਿਊਰੋ)- ਸ਼ਾਰਦਾ ਚਿੱਟ ਫੰਡ ਘੋਟਾਲੇ ਦੀ ਜਾਂਚ ਬਾਰੇ ਸੀ ਬੀ ਆਈ ਦੀ ਵੱਡੀ ਕਾਰਵਾਈ ਪਿੱਛੋਂ ਨਾਰਦ ਸਟਿੰਗ ਆਪਰੇਸ਼ਨ ਦੀ ਜਾਂਚ ਬਾਰੇ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਸਰਗਰਮੀ ਵਧਾ ਦਿੱਤੀ ਹੈ। ਕੋਲਕਾਤਾ ਦੇ ਸਾਬਕਾ ਮੇਅਰ ਸ਼ੋਭਨ ਚੈਟਰਜੀ ਦੀ ਪਤਨੀ ਰਤਨਾ ਚੈਟਰਜੀ, ਇਸ ਰਾਜ ਦੇ ਖਪਤਕਾਰ ਮਾਮਲਿਆਂ ਦੇ ਮੰਤਰੀ ਸਾਧਨ ਪਾਂਡੇ ਦੀ ਧੀ ਸ਼੍ਰੇਆ ਪਾਂਡੇ ਅਤੇ ਕੁਝ ਹੋਰਨਾਂ ਨੂੰ ਨੋਟਿਸ ਭੇਜ ਕੇ ਪੁੱਛਗਿੱਛ ਲਈ ਛੇ ਤੋਂ 17 ਜੂਨ ਵਿਚਕਾਰ ਇਨਫੋਰਸਮੈਂਟ ਕੋਲ ਹਾਜ਼ਰ ਹੋਣ ਨੂੰ ਕਿਹਾ ਗਿਆ ਹੈ।

ਵਰਨਣ ਯੋਗ ਹੈ ਕਿ 2014 ਵਿੱਚ ਨਾਰਦ ਸਟਿੰਗ ਕੇਸ ਵਿੱਚ ਮੈਥਿਊ ਸੈਮੂਅਲ ਤੋਂ ਰੁਪਏ ਲੈਣ ਦਾ ਦੋਸ਼ ਤ੍ਰਿਣਮੂਲ ਕਾਂਗਰਸ ਦੇ ਕਈ ਆਗੂਆਂ ਤੇ ਮੰਤਰੀਆਂ ਉੱਤੇ ਲੱਗਾ ਸੀ। 2016 ਵਿੱਚ ਰੁਪਏ ਲੈਣ ਦੇ ਵੀਡੀਓ ਫੁਟੇਜ ਨੂੰ ਵੈਬਸਾਈਟ 'ਤੇ ਪਾ ਦਿੱਤਾ ਗਿਆ ਸੀ ਜਿਸ ਵਿੱਚ ਉਸ ਸਮੇਂ ਕੋਲਕ-ਾਤਾ ਦੇ ਮੇਅਰ ਰਹੇ ਸ਼ੋਭਨ ਚੈਟਰਜੀ ਰੁਪਏ ਲੈਂਦੇ ਦਿਖਾਈ ਦੇ ਰਹੇ ਸਨ। ਇਸ ਬਾਰੇ ਈ ਡੀ ਨੇ ਸਾਬਕਾ ਮੇਅਰ ਤੋਂ ਕਈ ਵਾਰ ਪੁੱਛਗਿੱਛ ਕੀਤੀ ਤਾਂ ਉਨ੍ਹਾਂ ਨੇ ਈ ਡੀ ਨੂੰ ਇਹ ਦੱਸਿਆ ਸੀ ਕਿ ਆਮਦਨ-ਖਰਚ ਤੇ ਜਾਇਦਾਦ ਦੀ ਸੰਭਾਲ ਉਨ੍ਹਾਂ ਦੀ ਪਤਨੀ ਰਤਨਾ ਚੈਟਰਜੀ ਕਰਦੀ ਹੈ, ਜਿਸ ਨੂੰ ਸੀ ਜੀ ਓ ਕੰਪਲੈਕਸ ਤਲਬ ਕਰ ਕੇ ਪੁੱਛਗਿੱਛ ਕੀਤੀ ਗਈ ਸੀ। ਇਸ ਦੌਰਾਨ ਕੁਝ ਕਾਗਜ਼ਾਤ ਜਮ੍ਹਾ ਕਰਾਏ ਗਏ ਸਨ। ਆਖਰੀ ਵਾਰ ਰਤਨਾ ਨੂੰ ਪਿਛਲੇ ਸਾਲ ਦਸੰਬਰ ਦੇ ਆਖਰੀ ਹਫਤੇ ਸੱਦਿਆ ਗਿਆ ਸੀ। ਓਦੋਂ ਉਨ੍ਹਾਂ ਨੂੰ ਆਮਦਨ ਖਰਚ ਤੇ ਸੰਪਤੀ ਨਾਲ ਜੁੜੇ ਕਈ ਹੋਰ ਦਸਤਾਵੇਜ਼ ਜਮ੍ਹਾ ਕਰਾਉਣ ਦੇ ਨਿਰਦੇਸ਼ ਦਿੱਤੇ ਗਏ ਸਨ, ਪ੍ਰੰਤੂ ਉਨ੍ਹਾਂ ਨੇ ਜਮ੍ਹਾ ਨਹੀਂ ਕਰਵਾਏ। ਸੂਤਰਾਂ ਮੁਤਾਬਕ ਪਹਿਲਾਂ ਮੰਗੇ ਕਾਗਜ਼ਾਤ ਨੂੰ ਜਮ੍ਹਾ ਕਰਨ ਅਤੇ ਪੁੱਛਗਿੱਛ ਲਈ ਈ ਡੀ ਨੇ ਰਤਨਾ ਚੈਟਰਜੀ ਨੂੰ ਨੋਟਿਸ ਭੇਜਿਆ ਹੈ। ਇਸ ਦੇ ਇਲਾਵਾ ਰਤਨਾ ਦੇ ਕਰੀਬੀ ਵਪਾਰੀ ਅਭਿਜੀਤ ਗਾਂਗੁਲੀ, ਮਲਯ ਭੱਟਾਚਾਰੀਆ ਤੇ ਰਾਜ ਦੇ ਉਪਭੋਗਤਾ ਮਾਮਲਿਆਂ ਦੇ ਮੰਤਰੀ ਸਾਧਨ ਪਾਂਡੇ ਦੀ ਧੀ ਸ਼੍ਰੇਆ ਪਾਂਡੇ ਨੂੰ ਵੀ ਨੋਟਿਸ ਭੇਜਿਆ ਗਿਆ ਹੈ। ਨੋਟਿਸ ਮਿਲਣ ਦੀ ਗੱਲ ਮੰਨਦੇ ਹੋਏ ਰਤਨਾ ਨੇ ਕਿਹਾ ਕਿ ਈ ਡੀ ਨੇ ਉਨ੍ਹਾਂ ਤੋਂ ਦੋ ਕਾਗਜ਼ ਮੰਗੇ ਹਨ। ਉਹ ਜਾਂਚ ਵਿੱਚ ਈ ਡੀ ਦਾ ਪੂਰਾ ਸਹਿਯੋਗ ਕਰੇਗੀ। ਸ਼੍ਰੇਆ ਪਾਂਡੇ ਦੇ ਅਨੁਸਾਰ ਉਹ ਅਜੇ ਵਿਦੇਸ਼ ਵਿੱਚ ਹੈ। ਉਨ੍ਹਾਂ ਨੂੰ ਨੋਟਿਸ ਬਾਰੇ ਜਾਣਕਾਰੀ ਨਹੀਂ ਹੈ।

# ਕੇਂਦਰ ਵੱਲੋਂ ਦੇਸ਼ ਦੇ ਸਾਰੇ ਸਕੂਲਾਂ ਵਿੱਚ ਹਿੰਦੀ ਭਾਸ਼ਾ ਲਾਗੂ ਕਰਨ ਦਾ ਤਾਮਿਲ ਨਾਡੂ ਵਿੱਚ ਵਿਰੋਧ

ਚੇਨਈ, 2 ਜੂਨ (ਪੋਸਟ ਬਿਊਰੋ)- ਤਾਮਿਲ ਨਾਡੂ ਦੇ ਸਕੂਲਾਂ ਵਿੱਚ ਤਿੰਨ ਭਾਸ਼ਾ ਪ੍ਰਣਾਲੀ ਬਾਰੇ ਕੇਂਦਰ ਦੇ ਪ੍ਰਸਤਾਵ ਦਾ ਡੀ ਐੱਮ ਕੇ ਦੇ ਰਾਜ ਸਭਾ ਮੈਂਬਰ ਤਿਰੁਚੀ ਸਿਵਾ ਅਤੇ ਮੁਕੁਲ ਨਿਧੀ ਮਈਅਮ ਨੇਤਾ ਕਮਲ ਹਾਸਨ ਨੇ ਸਖਤ ਵਿਰੋਧ ਕੀਤਾ ਹੈ। ਸਿਵਾ ਨੇ ਕੇਂਦਰ ਸਰਕਾਰ ਨੂੰ ਵਿਰੋਧ ਪ੍ਰਦਰਸ਼ਨ ਦੀ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਹਿੰਦੀ ਨੂੰ ਤਾਮਿਲ ਨਾਡੂ ਵਿੱਚ ਲਾਗੂ ਕਰ ਕੇ ਕੇਂਦਰ ਸਰਕਾਰ ਅੱਗ ਨਾਲ ਖੇਡਣ ਲੱਗੀ ਹੈ। ਉਸ ਨੇ ਕਿਹਾ ਕਿ ਹਿੰਦੀ ਭਾਸ਼ਾ ਨੂੰ ਤਾਮਿਲ ਨਾਡੂ ਉਤੇ ਥੋਪਣ ਦੀ ਕੋਸ਼ਿਸ਼ ਨੂੰ ਇਥੋਂ ਦੇ ਲੋਕ ਬਰਦਾਸ਼ਤ ਨਹੀਂ ਕਰਨਗੇ। ਅਸੀਂ ਇਥੋਂ ਦੇ ਲੋਕਾਂ 'ਤੇ ਹਿੰਦੀ ਭਾਸ਼ਾ ਨੂੰ ਜਬਰਨ ਲਾਗੂ ਕਰਨ ਤੋਂ ਰੋਕਣ ਲਈ ਕਿਸੇ ਵੀ ਨਤੀਜੇ ਦਾ ਸਾਹਮਣਾ ਕਰਨਾ ਲਈ ਤਿਆਰ ਹਾਂ।

ਦੂਸਰੇ ਪਾਸੇ ਫਿਲਮ ਸਟਾਰ ਕਮਲ ਹਾਸਨ ਨੇ ਕਿਹਾ ਕਿ ਮੈਂ ਕਈ ਹਿੰਦੀ ਫਿਲਮਾਂ ਵਿੱਚ ਕੰਮ ਕੀਤਾ ਹੈ, ਪਰ ਹਿੰਦੀ ਭਾਸ਼ਾ ਨੂੰ ਕਿਸੇ 'ਤੇ ਥੋਪਿਆ ਨਹੀਂ ਜਾਣਾ ਚਾਹੀਦਾ। ਮੀਡੀਆ ਨਾਲ ਗੱਲਬਾਤ ਵਿੱਚ ਉਨ੍ਹਾਂ ਕਿਹਾ ਕਿ ਤਾਮਿਲ ਨਾਡੂ ਵਿੱਚ ਹਿੰਦੀ ਲਾਗੂ ਕਰਨਾ ਸਲਫਰ ਗੋਦਾਮ ਵਿੱਚ ਅੱਗ ਸੁੱਟਣ ਵਰਗਾ ਹੈ। ਉਨ੍ਹਾਂ ਕਿਹਾ, ਜੇ ਉਹ ਫਿਰ ਹਿੰਦੀ ਸਿਖਣ ਲਈ ਜ਼ੋਰ ਪਾਉਂਦੇ ਹਨ ਤਾਂ ਇਥੋਂ ਦੇ ਵਿਦਿਆਰਥੀ ਤੇ ਨੌਜਵਾਨ ਇਸ ਨੂੰ ਕਿਸੇ ਵੀ ਕੀਮਤ 'ਤੇ ਰੋਕਣਗੇ। ਸਾਲ 1965 ਦਾ ਹਿੰਦੀ ਵਿਰੋਧੀ ਅੰਦੋਲਨ ਇਸ ਦੀ ਸਪੱਸ਼ਟ ਮਿਸਾਲ ਹੈ। ਵਰਨਣ ਯੋਗ ਹੈ ਕਿ ਕੇਂਦਰ ਸਰਕਾਰ ਵੱਲੋਂ ਕੀਤੀ ਸਿਫਾਰਸ਼ ਮੁਤਾਬਕ ਘੱਟ ਤੋਂ ਘੱਟ ਪੰਜਵੀਂ ਜਮਾਤ ਜਾਂ 8ਵੀਂ ਜਮਾਤ ਤੱਕ ਮਾਤ ਭਾਸ਼ਾ ਪੜ੍ਹਾਉਣ ਦਾ ਸੁਝਾਅ ਦਿੱਤਾ ਗਿਆ ਹੈ ਅਤੇ ਮਾਹਰਾਂ ਦੇ ਪੈਨਲ ਨੇ ਸਿਲੇਬਸ ਵਿੱਚ ਭਾਰਤੀ ਗਿਆਨ ਪ੍ਰਣਾਲੀਆਂ ਨੂੰ ਸ਼ਾਮਲ ਕਰਨ, ਮਾਤ ਭਾਸ਼ਾ ਨਾਲ ਤਿੰਨ ਭਾਰਤੀ ਭਾਸ਼ਾਵਾਂ ਦਾ ਗਿਆਨ ਦੇਣ, ਰਾਸ਼ਟਰ ਸਿਖਿਆ ਕਮਿਸ਼ਨ ਦਾ ਗਠਨ ਕਰਨ ਅਤੇ ਨਿੱਜੀ ਸਕੂਲਾਂ ਵੱਲੋਂ ਮਨਮਰਜ਼ੀ ਨਾਲ ਫੀਸ ਵਾਧੇ 'ਤੇ ਲਗਾਮ ਕੱਸਣ ਸਮੇਤ ਕਈ ਮਹੱਤਵਪੂਰਨ ਸਿਫਾਰਸ਼ਾਂ ਨੂੰ ਸ਼ਾਮਲ ਕੀਤਾ ਹੈ।

# ਆਂਧਰਾ ਪ੍ਰਦੇਸ਼ ਦੇ ਸਕੂਲ ਤੋਂ ਗੁੰਮਸ਼ੁਦਾ ਦੋ ਬੱਚੇ ਲੱਕੜੀ ਦੇ ਬਕਸੇ ਵਿੱਚ ਮ੍ਰਿਤਕ ਮਿਲੇ

ਕਾਕੀਨਾਡਾ, 2 ਜੂਨ (ਪੋਸਟ ਬਿਊਰੋ)- ਆਂਧਰਾ ਪ੍ਰਦੇਸ਼ ਦੇ ਚਿੰਨਿਆਪਲੇਮ ਪਿੰਡ ਦੀ ਸਕੂਲ ਦੀ ਬਿਲਡਿੰਗ ਤੋਂ ਗੁੰਮਸ਼ੁਦਾ ਹੋਏ ਦੋ ਬੱਚੇ ਲਕੜੀ ਦੇ ਬਕਸੇ ਵਿੱਚ ਮ੍ਰਿਤਕ ਮਿਲੇ ਹਨ, ਜਿਸ ਬਾਰੇ ਪੁਲਸ ਜਾਂਚ ਕਰ ਰਹੀ ਹੈ।

11 ਸਾਲ ਦਾ ਪ੍ਰਸ਼ਾਂਤ ਕੁਮਾਰ ਅਤੇ ਛੇ ਸਾਲ ਦਾ ਛੇਦਮ ਕਾਰਤਿਕ ਆਪਣੇ ਦਾਦਾ-ਦਾਦੀ ਦੇ ਕੋਲ ਗਰਮੀਆਂ ਦੀਆਂ ਛੁੱਟੀਆਂ ਮਨਾਉਣ ਲਈ ਆਏ ਸਨ। 26 ਮਈ ਨੂੰ ਉਨ੍ਹਾਂ ਦੇ ਪਰਵਾਰ ਵਾਲਿਆਂ ਨੇ ਜਾਦੰਗੀ ਪੁਲਸ ਸਟੇਸ਼ਨ ਵਿੱਚ ਉਨ੍ਹਾਂ ਦੇ ਲਾਪਤਾ ਹੋਣ ਦੀ ਰਿਪੋਰਟ ਦਰਜ ਕਰਵਾਈ ਸੀ। ਪੁਲਸ ਨੇ ਬੱਚਿਆਂ ਦੀ ਤਲਾਸ਼ ਸ਼ੁਰੂ ਕਰ ਦਿੱਤੀ, ਪਰ ਕੱਲ੍ਹ ਸਵੇਰੇ ਜਦ ਕੁਝ ਬੱਚੇ ਸਕੂਲ ਦੇ ਮੈਦਾਨ ਵਿੱਚ ਖੇਡ ਰਹੇ ਸਨ ਤਾਂ ਉਨ੍ਹਾਂ ਨੂੰ ਰੂਮ ਵਿੱਚ ਇੱਕ ਬਕਸੇ ਵਿੱਚੋਂ ਪਾਣੀ ਨਿਕਲਦਾ ਹੋਇਆ ਦਿਸਿਆ ਅਤੇ ਅਜੀਬ ਜਿਹੀ ਬਦਬੂ ਮਹਿਸੂਸ ਹੋਈ। ਬੱਚਿਆਂ ਨੇ ਪਿੰਡ ਵਾਲਿਆਂ ਨੂੰ ਇਸ ਬਾਰੇ ਦੱਸਿਆ। ਪਿੰਡ ਵਾਲਿਆਂ ਨੇ ਬਕਸੇ ਨੂੰ ਖੋਲ੍ਹਿਆ ਤਾਂ ਉਸ ਵਿੱਚ ਬੱਚਿਆਂ ਦੀਆਂ ਲਾਸ਼ਾਂ ਦੇਖ ਕੇ ਹੈਰਾਨ ਰਹਿ ਗਏ। ਉਨ੍ਹਾਂ ਪੁਲਸ ਨੂੰ ਸੂਚਨਾ ਦਿੱਤੀ। ਪੁਲਸ ਨੇ ਸ਼ੁਰੂ ਦੀ ਜਾਂਚ ਵਿੱਚ ਪਾਇਆ ਕਿ ਬੱਚੇ ਸ਼ਾਇਦ ਖੇਡਦੇ ਸਮੇਂ ਬਕਸੇ ਵਿੱਚ ਫਸ ਗਏ ਹੋਣਗੇ ਅਤੇ ਸਾਹ ਘੁੱਟਣ ਨਾਲ ਉਨ੍ਹਾਂ ਦੀ ਮੌਤ ਹੋ ਗਈ ਹੋਵੇਗੀ। ਪੁਲਸ ਨੇ ਬੱਚਿਆਂ ਦੀ ਮੌਤ ਨੂੰ ਸ਼ੱਕੀ ਮੰਨਦੇ ਹੋਏ ਕੇਸ ਦਰਜ ਕਰ ਲਿਆ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
Minimum 1 year experience & Trained mechanic
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Also need Body Shop Mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.533.1100/416.278.7181 (9am to 6pm)



PROPERTIES FOR SALE



5018 Eighth Line (Erin/Georgetown)
Country lot. Detached Bungalow. Close to town. Finished basement. Separate entrance Outbuildings. 3 + 1 bedroom 2 bathrooms



47 Eldomar, Brampton
Detached home. Good area Walking distance to everything Finished Basement.Separate entrance 3 bedrooms 2 bathrooms. Good Parking.




Angela MEYER
Sales Representative
Ipro Realty Ltd. Brokerage
905-691-0672
www.angelameyer.ca
RealEstateToAsk4@gmail.com

ukttc
UK TRUCK TRAINING CENTRE
PCC #179958
Registered as a Private Careers College
Forklift $79 Recertification



Kuldip Singh Grewal
647.894.8590
➡ Automatic & Manual Trucks
○1:1 Training
Air Brake Classes
Sat-Sun 8am to 4pm
➡ Forklift Training
Counterbalance
Reach Truck



17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE



GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

SherGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636
Emergency Contact:
416.910.5676
www.shergilllawfirm.ca
2565 Steeles Ave E Unit #20, Brampton, ON L6T 4L6



LIVER CIRRHOSIS, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਸ਼ਰਾਬ ਛਡੱਣ ਦਾ ਸੋਖਾ ਤੇ ਸ਼ਰਤੀਆ ਇਲਾਜ਼
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
Heart Problems, Arteries blockage, ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ। ਜੇਕਰ ਤੁਸੀਂ stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਕਿਡਨੀ ਦੀ ਪਥਰੀ ਤੇ ਪਿਤੇ ਦੀ ਪਥਰੀ 7 ਤੋਂ 15 ਦਿਨਾਂ ਵਿੱਚ ਖਤਮ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, 13 ਤੋਂ 19 ਸਾਲ ਦੇ ਬਚਿਆਂ ਦਾ ਸੁਭਆ ਵਿੱਚ ਤਬਦੀਲੀ ਤੇ ਪੜ੍ਹਾਈ ਵਿੱਚ ਮੰਨ ਨਾ ਲਗਣਾ ਤੇ ਮਾਂ-ਬਾਪ ਨਾਲ ਚੰਗੀ ਤਰ੍ਹਾਂ ਗੱਲ ਨਾ ਕਰਣਾ ਤੇ ਖਾਣਾ ਪੀਣਾ ਬੰਦ ਕਰ ਦੇਣ ਦੇ ਪੱਕੇ ਇਲਾਜ ਲਈ ਸੰਪਰਕ ਕਰੋ।
ਲੇਡੀਜ਼ ਨੂੰ ਮਾਈਗਰੇਨ, ਸਿਰ ਦਰਦ ਤੇ ਜਿੱਦੀ ਛਾਈਆਂ ਵਰਗੀ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ ਤੇ ਆਪਣੇ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ, ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
100% Natural Cure | No Side Effect | ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

# ਭਾਰਤੀ ਹਾਈ ਕਮਿਸ਼ਨ ਦੀ ਇਫਤਾਰ ਵਿੱਚ ਆਏ ਲੋਕਾਂ ਨਾਲ ਪਾਕਿ ਅਧਿਕਾਰੀਆਂ ਦੀ ਬਦ-ਸਲੂਕੀ






## * ਕਈ ਲੋਕ ਪਾਰਟੀ ਵਿੱਚ ਆਉਣ ਤੋਂ ਰੋਕੇ, ਕਈ ਕੱਢੇ ਗਏ

ਇਸਲਾਮਾਬਾਦ, 2 ਜੂਨ, (ਪੋਸਟ ਬਿਊਰੋ)- ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਵਿਚ ਭਾਰਤ ਦੇਹਾਈ ਕਮਿਸ਼ਨ ਵੱਲੋਂ ਕੀਤੀ ਗਈ ਇਫਤਾਰ ਪਾਰਟੀ ਦੇ ਮਹਿਮਾਨਾਂ ਨੂੰ ਡਰਾਇਆ ਗਿਆ ਅਤੇ ਪਾਕਿਸਤਾਨੀ ਅਧਿਕਾਰੀਆਂ ਨੇ ਉਨ੍ਹਾਂ ਨੂੰ ਪਾਰਟੀ ਵਾਲੀ ਥਾਂ ਤੋਂ ਪਾਸੇ ਕਰ ਦਿੱਤਾ ਜਾਂ ਫਿਰ ਵਾਪਸ ਜਾਣ ਲਈ ਮਜਬੂਰ ਕਰ ਦਿੱਤਾ।

ਨਿਊਜ਼ ਏਜੰਸੀ ਦੀ ਖਬਰ ਮੁਤਾਬਕ ਪਾਕਿਸਤਾਨ ਦੇ ਅਧਿਕਾਰੀਆਂ ਨੇ ਹੋਟਲ ਸੇਰੇਨਾ ਨੂੰ ਘੇਰ ਕੇ ਇਸ ਇਫਤਾਰ ਪਾਰਟੀ ਵਿਚ ਸ਼ਾਮਲ ਹੋਣ ਲਈ ਆਏ ਸੈਕੜੇ ਮਹਿਮਾਨਾਂ ਨੂੰ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਇਕ ਅਣਜਾਣ ਸੂਤਰ ਦੇ ਹਵਾਲੇ ਨਾਲ ਏਜੰਸੀ ਨੇ ਖਬਰ ਦਿੱਤੀ ਹੈ ਕਿ ਮਹਿਮਾਨਾਂ ਨੂੰ ਜ਼ਬਰਦਸਤੀ ਓਥੋਂਕੱਢਿਆ ਗਿਆ। ਪਾਕਿਸਤਾਨ ਵਿਚ ਭਾਰਤ ਦੇ ਰਾਜਦੂਤ ਅਜੇ ਬਿਸਾਰਿਆ ਨੇ ਕਿਹਾ ਕਿ ਉਹ ਅਪਣੇ ਸਾਰੇ ਮਹਿਮਾਨਾਂ ਕੋਲੋਂ ਮੁਆਫ਼ੀ ਮੰਗਦੇ ਹਨ,ਜਿਨ੍ਹਾਂ ਨੂੰ ਇਫਤਾਰ ਪਾਰਟੀ ਵਿਚੋਂ ਕੱਲ੍ਹ ਕੱਢ ਦਿੱਤਾ ਗਿਆ ਸੀ। ਇਹ ਡਰਾਉਣ ਦੀ ਰਣਨੀਤੀ ਡੂੰਘੀ ਨਿਰਾਸ਼ਾਜਨਕ ਹੈ। ਇਸ ਦੇ ਨਾਲ ਅਜੇ ਬਿਸਾਰਿਆ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਹਰਕਤਾਂ ਦੁਵੱਲੇ ਸਬੰਧਾਂ ਦੀ ਨਾਕਾਮੀ ਹਨ।ਉਨ੍ਹਾਂ ਕਿਹਾ ਕਿ ਇਹ ਨਾ ਕੇਵਲ ਕੂਟਨੀਤਕ ਮਰਿਆਦਾ ਅਤੇ ਸੱਭਿਅਕ ਵਿਹਾਰ ਦਾ ਉਲੰਘਣ ਕਰਨਾ ਸੀ, ਸਗੋਂ ਦੁਵੱਲੇ ਸਬੰਧਾਂ ਲਈ ਵੀ ਮਾੜਾ ਸੀ। ਇਸ ਬਾਰੇ ਖਬਰ ਏਜੰਸੀ ਏਐਨਆਈ ਦੀ ਰਿਪੋਰਟ ਮੁਤਾਬਕ ਇਫਤਾਰ ਪਾਰਟੀ ਵਿਚ ਬੁਲਾਏ ਗਏ ਲੋਕਾਂਨੂੰ ਉਨ੍ਹਾਂ ਦੇ ਘਰ ਤਕ ਜਾ ਕੇ ਪਾਕਿਸਤਾਨੀ ਅਧਿਕਾਰੀਆਂ ਨੇ ਉਨ੍ਹਾਂ ਨੂੰ ਸ਼ਾਮਲ ਨਾ ਹੋਣ ਲਈ ਧਮਕਾਇਆ ਸੀ।

ਇਹ ਪਹਿਲੀ ਵਾਰ ਨਹੀਂ ਹੋਇਆ ਕਿ ਭਾਰਤੀ ਅਧਿਕਾਰੀਆਂ ਨੂੰ ਪਾਕਿਸਤਾਨ ਵਿਚ ਤੰਗ ਕੀਤਾ ਗਿਆ ਹੋਵੇ। ਬੀਤੇ ਮਹੀਨੇ ਭਾਰਤ ਨੇ ਲਾਹੌਰ ਨੇੜੇ ਗੁਰਦੁਆਰਾ ਸੱਚਾ ਸੌਦਾ ਵਿਖੇ ਸਿੱਖ ਤੀਰਥ ਯਾਤਰਾ ਦਾ ਪ੍ਰਬੰਧ ਕਰਨ ਵਾਸਤੇਗਏ ਹਾਈ ਕਮਿਸ਼ਨ ਦੇਸਟਾਫ ਮੈਂਬਰਾਂ ਨੂੰ 20 ਮਿੰਟ ਇਕ ਕਮਰੇ ਵਿਚ ਬੰਦ ਕਰਨ ਉੱਤੇ ਚਿੰਤਾ ਜ਼ਾਹਰ ਕੀਤੀ ਸੀ। ਪਾਕਿ-ਸਤਾਨ ਦੇ ਅਧਿਕਾਰੀਆਂ ਨੇ ਉਨ੍ਹਾਂ ਨੂੰ ਧਮਕੀ ਦਿੰਦੇ ਹੋਏ ਕਿਹਾ ਸੀ ਕਿ ਉਹ ਇਸ ਇਲਾਕੇ ਵਿਚ ਫੇਰ ਕਦੇ ਨਾ ਆਉਣ।

ਵਰਨਣ ਯੋਗ ਹੈ ਕਿ ਇਸ ਹਫ਼ਤੇ ਦੇ ਸ਼ੁਰੂ ਵਿਚ ਦਿੱਲੀ ਵਿਚ ਪਾਕਿਸਤਾਨੀ ਹਾਈ ਕਮਿਸ਼ਨ ਨੇ ਇਫਤਾਰ ਪਾਰਟੀ ਕੀਤੀ ਸੀ, ਜਿਸ ਵਿਚ ਕਈ ਜਨਤਕ ਹਸਤੀਆਂ, ਲੇਖਕਾਂ, ਕਲਾਕਾਰ ਅਤੇ ਪਾਕਿਸਤਾਨੀ ਵਿਦਿਆਰਥੀਆਂ ਨੇ ਭਾਗ ਲਿਆ ਸੀ, ਪਰ ਭਾਰਤ ਨੇ ਕਿਸੇ ਨੂੰ ਵੀ ਨਹੀਂ ਸੀ ਰੋਕਿਆ।

# ਚੀਫ ਖਾਲਸਾ ਦੀਵਾਨ ਵਿੱਚ ਫਿਰ ਹਲਚਲ

## * ਅਣਖੀ, ਸੋਚ, ਅਵਤਾਰ ਸਿੰਘ ਦੀ ਮੈਂਬਰੀ ਬਹਾਲ, ਚਾਵਲਾ ਦੀ ਛੁੱਟੀ

ਅੰਮ੍ਰਿਤਸਰ, 2 ਜੂਨ, (ਪੋਸਟ ਬਿਊਰੋ)- ਚੀਫ਼ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਦੀ ਜਨਰਲ ਹਾਊਸ ਦੀ ਬੈਠਕ ਅੱਜ ਪ੍ਰਧਾਨ ਨਿਰਮਲ ਸਿੰਘ ਠੇਕੇਦਾਰ ਦੀ ਅਗਵਾਈ ਵਿਚ ਹੋਈ ਤਾਂ ਇੱਕ ਵਾਰ ਫਿਰ ਨਵੀਂ ਹਲਚਲ ਹੁੰਦੀ ਦਿਖਾਈ ਦੇਣ ਲੱਗੀ ਹੈ। ਅੱਜ ਦੀ ਮੀਟਿੰਗ ਦੇ ਅਹਿਮ ਫੈਸਲੇ ਮੁਤਾਬਕ ਵਿਰੋਧੀ ਧਿਰ ਦੇ ਮੈਂਬਰ ਗੁਰਿੰਦਰ ਸਿੰਘ ਚਾਵਲਾ ਦੀ ਦੀਵਾਨ ਤੋਂ ਛੁੱਟੀ ਕਰ ਦਿੱਤੀ ਗਈ ਅਤੇ ਮੈਂਬਰ ਅਮਰਜੀਤ ਸਿੰਘ ਭਾਟੀਆ ਨੂੰ ਨਿੱਜੀ ਲੈਣ-ਦੇਣ ਦੇ ਦੋਸ਼ ਵਿਚ ਸਸਪੈਂਡ ਕੀਤਾ ਗਿਆ ਹੈ। ਇਸ ਮੌਕੇ ਭਾਗ ਸਿੰਘ ਅਣਖੀ, ਹਰਭਜਨ ਸਿੰਘ ਸੋਚ ਅਤੇ ਅਵਤਾਰ ਸਿੰਘ ਦੀ ਮੈਂਬਰੀ ਬਹਾਲ ਕਰ ਦਿੱਤੀ ਗਈ ਹੈ, ਇਹ ਤਿੰਨੇ ਮੈਂਬਰ ਤਕਰੀਬਨ 10 ਸਾਲ ਦਾ ਸਮਾਂ ਚੀਫ ਖਾਲਸਾ ਦੀਵਾਨ ਤੋਂ ਬਾਹਰ ਰਹੇ ਹਨ।

ਮੀਟਿੰਗ ਦੇ ਬਾਅਦ ਪ੍ਰਧਾਨ ਨਿਰਮਲ ਸਿੰਘ ਨੇ ਕਿਹਾ ਸਾਬਕਾ ਪ੍ਰਧਾਨ ਚਰਨਜੀਤ ਸਿੰਘ ਚੱਢਾ ਦੇ ਵਕਤ ਦੀਵਾਨ ਦੇ ਸਕੂਲਾਂ ਦੇ ਬੱਚਿਆਂ ਲਈ ਜਿਹੜੀਆਂ ਕਿਤਾਬਾਂ ਅਤੇ ਵਰਦੀਆਂ ਦੀ ਖ਼ਰੀਦ ਹੁੰਦੀ ਸੀ, ਉਸ ਵਿਚ ਕਰੀਬ 8 ਕਰੋੜ ਰੁਪਏਦੀ ਹੇਰਾਫੇਰੀ ਹੋਈ ਹੈ, ਜਿਸ ਦੀ ਜਾਂਚ 5 ਮੈਂਬਰੀ ਕਮੇਟੀ ਬਣਾ ਕੇ ਕਰਾਈ ਜਾਵੇਗੀ। ਉਨ੍ਹਾਂ ਕਿਹਾ ਕਿ 10 ਸਾਲ ਪਹਿਲਾਂ ਕਾਨਪੁਰ ਵਿਚ ਮਤਾ ਪਾਸ ਕਰ ਕੇ ਜਿਹੜੇ ਮੈਂਬਰ ਬਣਾਏ ਸਨ, ਉਨ੍ਹਾਂ ਵਿੱਚੋਂ ਗ਼ੈਰ-ਜ਼ਰੂਰੀ ਲੋਕ ਜਾਣਗੇ। ਨਵੀਂ ਕਮੇਟੀ ਦੇ ਕਾਰਨ ਚਲੰਤ ਸੈਸ਼ਨ ਲਈ ਚੀਫ ਖਾਲਸਾ ਦੀਵਾਨ ਦੇ ਸਕੂਲਾਂ ਦੇ ਬੱਚਿਆਂ ਦੇ ਮਾਪਿਆਂ ਨੂੰ ਕਿਤਾਬਾਂ ਅਤੇ ਵਰਦੀਆਂ ਉੱਤੇ ਭਾਰੀ ਛੋਟ ਮਿਲੀ ਹੈ, ਪਿਛਲੇ ਸਮੇਂ ਵਿਚ ਉਨ੍ਹਾਂ ਨੂੰ ਪੂਰੇ ਕਿਤਾਬਾਂ ਦਾ ਮੁੱਲ ਦੇਣਾ ਪੈਂਦਾ ਸੀ ਤੇ ਮੋਟੀ ਰਕਮ ਕਮਿਸ਼ਨ ਵਜੋਂ ਪ੍ਰਧਾਨ ਡਕਾਰ ਜਾਂਦਾ ਹੁੰਦਾ ਸੀ। ਉਨ੍ਹਾਂ ਕਿਹਾ ਕਿ ਜਲਦੀ ਹੀ ਜਾਂਚ ਕਰਵਾ ਕੇ ਦੋਸ਼ੀਆਂਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਉਨ੍ਹਾਂ ਕਿਹਾ ਕਿ ਵੰਨ ਡ੍ਰਮੇਨ ਯੂਨੀਵਰਸਿਟੀ ਲਈ ਜੇ ਸਰਕਾਰ ਜਾਂ ਕੋਈ ਸੰਸਥਾ ਜਗ੍ਹਾ ਦੇਵੇ ਤਾਂ ਚੀਫ ਖਾਲਸਾ ਦੀਵਾਨ ਉਸ ਦੀ ਉਸਾਰੀ ਕਰੇਗਾ ਅਤੇ ਯੂਨੀਵਰਸਿਟੀ ਨੂੰ ਜ਼ਰੂਰ ਚਲਾਵੇਗਾ। ਆਨਰੇਰੀ ਸੈਕਟਰੀ ਸੁਰਿੰਦਰ ਸਿੰਘ ਰੁਮਾਲਿਆਂਵਾਲਾ, ਰਾਜਮੋਹਿੰਦਰ ਸਿੰਘ ਮਜੀਠਾ ਅਤੇ ਰਜਿੰਦਰ ਸਿੰਘ ਮਰਵਾਹਾ ਦੀ ਹਾਜ਼ਰੀ ਵਿੱਚ ਪ੍ਰਧਾਨ ਨਿਰਮਲ ਸਿੰਘ ਨੇ ਕਿਹਾ ਕਿ ਚੀਫ ਖਾਲਸਾ ਦੀਵਾਨ ਨੂੰ ਬੀਤੇ ਸਮੇਂ ਵਿਚ ਪੂਰੇ ਮੁੱਲ ਉੱਤੇ ਵਰਦੀਆਂ ਵੇਚਣ ਵਾਲੇ ਸਰਦਾਰ ਪਗੜੀ ਹਾਊਸ ਦੀ ਵੀ ਜਾਂਚ ਕਰਾਈ ਜਾਵੇਗੀ। ਉਨ੍ਹਾਂ ਕਿਹਾ ਕਿ ਜਦੋਂ ਇਸ ਵਾਰ 20 ਫ਼ੀਸਦੀ ਤੀਕ ਛੋਟ ਮਿਲੀ ਹੈ ਤਾਂ ਇਸ ਤੋਂ ਪਹਿਲਾਂ ਸਾਬਕਾ ਪ੍ਰਧਾਨ ਚਰਨਜੀਤ ਸਿੰਘ ਚੱਢਾ ਦੇ ਸਮੇਂ ਵਰਦੀਆਂ ਦਾ ਕਮੀਸ਼ਨ ਕਿਸ ਨੇ ਲਿਆ ਸੀ?

ਦੂਸਰੇ ਪਾਸੇ ਸਾਬਕਾ ਪ੍ਰਧਾਨ ਚਰਨਜੀਤ ਸਿੰਘ ਚੱਢਾ ਨੇ ਕਿਹਾ ਕਿ ਮੌਜੂਦਾ ਪ੍ਰਧਾਨ ਨਿਰਮਲ ਸਿੰਘ ਨੇ ਉਨ੍ਹਾਂ ਉੱਤੇ ਆਧਾਰਹੀਣਦੋਸ਼ ਲਾਏ ਹਨ, ਸਾਰਾ ਲੈਣ ਦੇਣ ਸਾਬਕਾ ਆਨਰੇਰੀ ਸਕੱਤਰ ਨਰਿੰਦਰ ਸਿੰਘ ਖੁਰਾਣਾ ਕਰਦਾ ਸੀ।ਗੁਰਿੰਦਰ ਸਿੰਘ ਚਾਵਲਾ ਨੂੰ ਦੀਵਾਨ ਦੀ ਅੱਜ ਦੀ ਬੈਠਕ ਵਿਚ ਜਾਣ ਵੇਲੇ ਪੁਲਿਸ ਨੇ ਬਾਹਰ ਰੋਕ ਲਿਆ ਅਤੇ ਇਸ ਬਾਰੇ ਦੀਵਾਨ ਵੱਲੋਂ ਸ਼ਿਕਾਇਤ ਕੀਤੀ ਹੋਣ ਦਾ ਹਵਾਲਾ ਦੇ ਦਿੱਤਾ।

# ਗਿਆਰਾਂ ਸਾਲਾਂ ਮਗਰੋਂ ਬ੍ਰਿਟਿਸ਼ ਏਅਰਵੇਜ਼ ਨੇ ਪਾਕਿ ਲਈ ਉਡਾਣ ਫਿਰ ਸ਼ੁਰੂ ਕੀਤੀ

ਲੰਡਨ, 2 ਜੂਨ, (ਪੋਸਟ ਬਿਊਰੋ)- ਬ੍ਰਿਟਿਸ਼ ਏਅਰਵੇਜ਼ ਨੇ ਅੱਜ ਐਤਵਾਰ ਪਾਕਿਸਤਾਨ ਲਈ ਇਕ ਵਾਰ ਫਿਰ ਆਪਣੀ ਫਲਾਈਟ ਸ਼ੁਰੂ ਕਰ ਦਿੱਤੀ ਹੈ। ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਤੇ ਲੰਡਨ ਦੇ ਹੀਥਰੋ ਹਵਾਈ ਅੱਡੇ ਵਿਚਕਾਰ ਇਹ ਜਹਾਜ਼ ਸੇਵਾ ਹਾਲ ਦੀ ਘੜੀ ਹਫ਼ਤੇ ਵਿਚ ਸਿਰਫ਼ ਤਿੰਨ ਵਾਰ ਉਡਾਣ ਭਰੇਗੀ।




ਵਰਨਣ ਯੋਗ ਹੈ ਕਿ ਸਾਲ 2008 ਵਿਚ ਰਾਜਧਾਨੀ ਇਸਲਾਮਾਬਾਦ ਦੇ ਮੈਰੀਅਟ ਹੋਟਲ ਵਿਚ ਬੰਬ ਧਮਾਕਾ ਹੋਣ ਨਾਲ 50 ਤੋਂਵੱਧ ਲੋਕਾਂ ਦੀ ਮੌਤ ਹੋਣ ਪਿੱਛੋਂ ਬ੍ਰਿਟਿਸ਼ ਏਅਰਵੇਜ਼ ਨੇ ਪਾਕਿਸਤਾਨ ਨੂੰਆਪਣੀਆਂ ਉਡਾਣਾਂ ਰੋਕ ਦਿੱਤੀਆਂ ਸਨ।ਪੱਛਮੀ ਦੇਸ਼ਾਂ ਵਿੱਚੋਂ ਬ੍ਰਿਟਿਸ਼ ਏਅਰਵੇਜ਼ ਇਕਲੌਤੀ ਕੰਪਨੀ ਹੈ ਜਿਸ ਨੇ ਇਸਲਾਮਾਬਾਦ ਲਈ ਉਡਾਣ ਸੇਵਾ ਦੋਬਾਰਾ ਸ਼ੁਰੂ ਕੀਤੀ ਹੈ। ਅਜੇ ਤਕ ਸਿਰਫ ਪਾਕਿਸਤਾਨ ਇੰਟਰਨੈਸ਼ਨਲ ਏਅਰਲਾਈਨਜ਼ (ਪੀਆਈਏ) ਇਸਲਾਮਾਬਾਦਤੇ ਲੰਡਨ ਵਿਚਾਲੇ ਸਿੱਧੀ ਉਡਾਣ ਚਲਾ ਰਹੀ ਇਕੋ ਏਅਰਲਾਈਨ ਸੀ। ਬ੍ਰਿਟਿਸ਼ ਏਅਰਵੇਜ਼ ਦੇ ਬੁਲਾਰੇ ਨੇ ਕਿਹਾ ਕਿ ਅਸੀਂ ਇਸ ਰੂਟ ਉੱਤੇ ਬੋਇੰਗ 787 ਡ੍ਰੀਮਲਾਈਨਰਜ਼ ਜਹਾਜ਼ ਨਾਲ ਸ਼ੁਰੂਆਤ ਕੀਤੀ ਹੈ।

ਪਾਕਿਸਤਾਨ ਵਿਚ ਬ੍ਰਿਟੇਨ ਦੇ ਹਾਈ ਕਮਿਸ਼ਨਰ ਥਾਮਸ ਡ੍ਰੂ ਨੇ ਕਿਹਾ ਕਿ ਬ੍ਰਿਟਿਸ਼ ਏਅਰਵੇਜ਼ ਨੇ ਪਾਕਿਸਤਾਨ ਵਿਚ ਬ੍ਰਿਟਿਸ਼ ਕੰਪਨੀਆਂ ਦੀ ਵਧਦੀ ਗਿਣਤੀ ਵੇਖਦੇ ਹੋਏ ਇਹ ਕਦਮ ਚੁੱਕਿਆ ਹੈ। ਅਸਲ ਵਿੱਚ ਇਸ ਏਅਰਲਾਈਨ ਨੇ ਬੀਤੇ ਦਸੰਬਰ ਵਿਚ ਐਲਾਨ ਕੀਤਾ ਸੀ ਕਿ ਉਹ ਇਸਲਾਮਾਬਾਦ ਲਈ ਉਡਾਣਾਂ ਨੂੰ ਫਿਰ ਸ਼ੁਰੂ ਕਰੇਗੀ। ਉਸ ਦਾ ਕਹਿਣਾ ਸੀ ਕਿ ਇਸਲਾਮਾਬਾਦ ਵਿਚ ਬਣਿਆ ਨਵਾਂ ਹਵਾਈ ਅੱਡਾ ਸੁਰੱਖਿਅਤਹੈ ਤੇ ਭੀੜ ਦੇ ਪੱਖ ਤੋਂ ਵੀ ਸੁਰੱਖਿਅਤ ਹੈ।

# ਸ੍ਰੀਲੰਕਾ ਦੇ ਸਾਬਕਾ ਪੁਲਿਸ ਮੁਖੀ ਨੇ ਧਮਾਕਿਆਂ ਲਈ ਰਾਸ਼ਟਰਪਤੀ ਉੱਤੇ ਜ਼ਿੰਮੇਵਾਰੀ ਸੁੱਟੀ

ਕੋਲੰਬੋ, 2 ਜੂਨ, (ਪੋਸਟ ਬਿਊਰੋ)- ਸ੍ਰੀਲੰਕਾ ਵਿੱਚ ਸਸਪੈਂਡ ਕੀਤੇ ਪੁਲਿਸ ਦੇ ਮੁਖੀ ਪੁਜਿਤ ਜੈਸੁੰਦਰਾ ਨੇ ਆਪਣੇ ਖ਼ਿਲਾਫ਼ ਹੋਈ ਕਾਰਵਾਈ ਨੂੰ ਚੁਣੌਤੀ ਦਿੰਦਿਆਂ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕਰ ਕੇ ਈਸਟਰ ਸੰਡੇ ਨੂੰ ਹੋਏ ਲੜੀਵਾਰ ਬੰਬ ਧਮਾਕਿਆਂ ਨੂੰ ਰੋਕਣ ਤੋਂ ਅਸਫਲ ਰਹਿਣ ਦਾ ਦੋਸ਼ ਰਾਸ਼ਟਰਪਤੀ ਮੈਤਰੀਪਾਲ ਸਿਰੀਸੇਨਾ ਉੱਤੇਲਾ ਦਿੱਤਾ ਹੈ। ਇਨ੍ਹਾਂ ਧਮਾਕਿਆਂ ਦੌਰਾਨ 258 ਲੋਕ ਮਾਰੇ ਗਏ ਸਨ। ਅੱਤਵਾਦੀ ਹਮਲੇ ਦੀ ਜ਼ਿੰਮੇਵਾਰੀ ਆਪਣੇ ਸਿਰ ਲੈਣ ਤੋਂ ਇਨਕਾਰ ਕਰਨ ਉੱਤੇ ਰਾਸ਼ਟਰਪਤੀ ਸਿਰੀਸੇਨਾ ਨੇ ਜੈਸੁੰਦਰਾ ਨੂੰ ਸਸਪੈਂਡ ਕਰ ਦਿੱਤਾ ਸੀ। ਸੁਪਰੀਮ ਕੋਰਟ ਨੂੰ ਪੇਸ਼ ਕੀਤੀ ਆਪਣੀ 20 ਸਫੇ ਦੀ ਪਟੀਸ਼ਨ ਵਿੱਚਸਸਪੈਂਡ ਕੀਤੇ ਪੁਲਿਸ ਅਧਿਕਾਰੀ ਜੈਸੁੰਦਰਾ ਨੇ ਸਰਕਾਰ ਦੀਆਂ ਖ਼ੁਫ਼ੀਆ ਏਜੰਸੀਆਂ ਤੇ ਹਥਿਆਰਬੰਦ ਫੋਰਸਾਂ ਵਿਚਾਲੇ ਗੰਭੀਰ ਸੰਪਰਕਦੀ ਘਾਟ ਤੋਂ ਪਰਦਾ ਚੁੱਕਿਆ ਹੈ। ਇਹ ਸਭ ਏਜੰਸੀਆਂ ਰਾਸ਼ਟਰਪਤੀ ਸਿਰੀਸੇਨਾ ਦੇ ਅਧੀਨ ਕੰਮ ਕਰਦੀਆਂ ਹਨ।ਪਟੀਸ਼ਨ ਵਿੱਚ ਜੈਸੁੰਦਰਾ ਨੇ ਕਿਹਾ



ਹੈ ਕਿ ਸ੍ਰੀਲੰਕਾ ਦੀ ਪ੍ਰਮੁੱਖ ਖ਼ੁਫ਼ੀਆ ਏਜੰਸੀ ਸਟੇਟ ਇੰਟੈਲੀਜੈਂਸ ਸਰਵਿਸ (ਐੱਸ ਆਈ ਐੱਸ) ਨੇ 2018 ਵਿੱਚ ਉਨ੍ਹਾਂ ਨੂੰ ਇਸਲਾਮੀ ਅੱਤਵਾਦੀਆਂ ਵਿਰੁੱਧ ਚੱਲਦੀਆਂ ਸਭਪੜਤਾਲਾਂ ਰੋਕ ਦੇਣ ਨੂੰ ਕਿਹਾ ਸੀ। ਇਸ ਕਾਰਨ ਨੈਸ਼ਨਲ ਤੌਹੀਦ ਜਮਾਤ (ਐੱਨ ਟੀਜੇ) ਅਤੇ ਹੋਰ ਸਭ ਅੱਤਵਾਦੀ ਜਥੇਬੰਦੀਆਂ ਦੀਆਂ ਸਰਗਰਮੀਆਂ ਦੀ ਜਾਂਚ ਦਾ ਕੰਮ ਰੁਕ ਗਿਆ ਸੀ। ਐੱਨ ਟੀਜੇਜਥੇਬੰਦੀ ਉੱਤੇ ਹੀ ਈਸਟਰ ਸੰਡੇ ਦੇ ਧਮਾਕੇ ਕਰਵਾਉਣ ਦਾ ਦੋਸ਼ ਲੱਗਦਾ ਹੈ। ਜਾਂਚ ਕਰਨ ਵਾਲੀ ਏਜੰਸੀ ਐੱਸ ਆਈ ਐੱਸ ਸਿੱਧੇ ਤੌਰ ਉੱਤੇ ਰਾਸ਼ਟਰਪਤੀ ਸਿਰੀਸੇਨਾਨੂੰ ਜਵਾਬਦੇਹ ਹੈ।

ਜੈਸੁੰਦਰਾ ਨੇ ਕਿਹਾ ਕਿ ਐੱਸ ਆਈ ਐੱਸ ਦੇ ਮੁਖੀ ਨੀਲਾਂਤ ਜੈਵਰਧਨੇ ਨੇ ਐੱਨ ਟੀਜੇ ਦੇ ਹਮਲੇ ਬਾਰੇ ਗੁਆਂਢ ਦੇ ਦੇਸ਼ ਭਾਰਤ ਵੱਲੋਂ ਮਿਲੀ ਖ਼ੁਫ਼ੀਆ ਸੂਚਨਾ ਨੂੰ ਗੰਭੀਰਤਾ ਨਾਲ ਨਹੀਂ ਲਿਆ ਅਤੇ ਇਹ ਖ਼ੁਫ਼ੀਆ ਸੂਚਨਾ ਪੁਲਿਸ ਨਾਲ ਸਾਂਝੀ ਨਹੀਂ ਕੀਤੀ ਤੇ ਖ਼ੁਫ਼ੀਆ ਏਜੰਸੀ ਨੇ ਹਮਲੇ ਰੋਕਣ ਲਈ ਖ਼ੁਦ ਵੀ ਕੁਝ ਨਹੀਂ ਕੀਤਾ।ਜੈਸੁੰਦਰਾ ਨੇ ਕਿਹਾ ਕਿ ਰਾਸ਼ਟਰਪਤੀ ਦੇ ਕਹੇ ਮੁਤਾਬਕ ਜੇਮੈਂ ਹਮਲਾ ਰੋਕ ਸਕਣ ਵਿੱਚ ਅਸਫਲਤਾ ਦੀ ਜ਼ਿੰਮੇਵਾਰੀ ਲੈ ਕੇ ਅਸਤੀਫ਼ਾ ਦੇ ਦਿੰਦਾ ਤਾਂ ਰਾਜਦੂਤ ਬਣਾ ਕੇ ਮੈਨੂੰ ਵਿਦੇਸ਼ ਭੇਜ ਦਿੱਤਾ ਜਾਂਦਾ, ਪਰ ਮੈਂ ਰਾਸ਼ਟਰਪਤੀ ਦੀ ਇਹ ਗੱਲ ਮੰਨਣ ਤੋਂਇਨਕਾਰ ਕੀਤਾਅਤੇ ਖ਼ੁਫ਼ੀਆ ਏਜੰਸੀਆਂ ਦੀ ਅਸਫਲਤਾ ਆਪਣੇ ਸਿਰ ਲੈਣ ਤੋਂਨਾਂਹ ਕਰ ਦਿੱਤੀ। ਪਟੀਸ਼ਨ ਵਿੱਚ ਜੈਸੁੰਦਰਾ ਨੇ ਕਿਹਾ ਕਿ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਰਾਨਿਲ ਵਿਕਰਮਸਿੰਘੇ ਵਿਚਕਾਰ ਅਕਤੂਬਰ 2018 ਵਿੱਚਛਿੜੀ ਸਿਆਸੀ ਖਹਿਬਾਜ਼ੀਤੋਂ ਬਾਅਦ ਮੈਨੂੰ ਸਾਜ਼ਿਸ਼ ਹੇਠ ਲਾਂਭੇ ਕੀਤਾ ਗਿਆ ਸੀ।ਉਂਜ ਕੁਝ ਦਿਨ ਪਹਿਲਾਂ ਖ਼ੁਫ਼ੀਆ ਏਜੰਸੀ ਦੇ ਅਫਸਰ ਸ਼ਿਸ਼ਿਰ ਮੈਂਡਿਸ ਨੇ ਵੀ ਪਾਰਲੀਮੈਂਟਰੀ ਜਾਂਚ ਟੀਮ ਕੋਲ ਇਹ ਗੱਲ ਮੰਨੀ ਸੀ ਕਿ ਭਾਰਤ ਤੋਂ ਮਿਲੀ ਖ਼ੁਫ਼ੀਆ ਸੂਚਨਾ ਨੂੰ ਬਣਦੀ ਗੰਭੀਰਤਾ ਵਿਖਾਈ ਜਾਂਦੀ ਤਾਂ ਈਸਟਰ ਦੇ ਦਿਨ ਹੋਏ ਬੰਬ ਧਮਾਕੇ ਰੋਕੇ ਜਾ ਸਕਦੇ ਸਨ। ਇਸ ਤੋਂ ਬਾਅਦ ਦਾਖ਼ਲ ਕੀਤੀ ਗਈ ਜੈਸੁੰਦਰਾ ਦੀ ਪਟੀਸ਼ਨ ਨਾਲ ਰਾਸ਼ਟਰਪਤੀ ਸਿਰੀਸੇਨ ਦੀ ਲੋਕਪ੍ਰਿਅਤਾ ਉੱਤੇਨਾਂਹ-ਪੱਖੀ ਅਸਰ ਪੈ ਸਕਦਾ ਹੈ।

## ਸਿਰਫ ਇੱਕ ਹਜ਼ਾਰ ਰੁਪਏ ਲਈ ਨੌਜਵਾਨ ਦਾ ਕਤਲ


ਤਰਨ ਤਾਰਨ, 2 ਜੂਨ (ਪੋਸਟ ਬਿਊਰੋ)- ਇਲਾਕੇ ਦੇ ਪਿੰਡ ਗੋਹਲਵੜ੍ਹ ਵਿੱਚ ਕੱਲ੍ਹ ਸ਼ਾਮ ਪੈਸਿਆਂ ਦੇ ਲੈਣ ਦੇਣ ਤੋਂ 21 ਸਾਲਾ ਨੌਜਵਾਨ ਦੀ ਤੇਜ਼ਧਾਰ ਹਥਿਆਰ ਨਾਲ ਹੱਤਿਆ ਕਰ ਦਿੱਤੀ ਗਈ। ਮ੍ਰਿਤਕ ਦੀ ਪਛਾਣ ਗੁਰਿੰਦਰ ਸਿੰਘ ਵਜੋਂ ਹੋਈ ਹੈ। ਥਾਣਾ ਸਿਟੀ ਦੀ ਪੁਲਸ ਨੇ ਕਤਲ ਲਈ ਪਿੰਡ ਵਾਸੀ ਵਿਨੋਦ ਕੁਮਾਰ ਖਿਲਾਫ ਦਫਾ 302 ਅਧੀਨ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਵਾਰਦਾਤ ਕਰਨ ਉਪਰੰਤ ਫਰਾਰ ਹੋ ਗਿਆ।

ਪੁਲਸ ਨੇ ਦੱਸਿਆ ਕਿ ਮੁਲਜ਼ਮ ਵਿਨੋਦ ਕੁਮਾਰ ਪਿੰਡ ਵਿੱਚ ਮਠਿਆਈ ਦੀ ਦੁਕਾਨ ਕਰਦਾ ਹੈ। ਉਸ ਤੋਂ ਗੁਰਿੰਦਰ ਸਿੰਘ ਦੇ ਵੱਡੇ ਭਰਾ ਗੁਰਭੇਜ ਸਿੰਘ ਨੇ ਕਰੀਬ ਇੱਕ ਸਾਲ ਪਹਿਲਾਂ 1000 ਰੁਪਏ ਉਧਾਰ ਲਏ ਸਨ। ਇਸ ਕਾਰਨ ਦੋਵਾਂ ਧਿਰਾਂ ਵਿਚਾਲੇ ਕਈ ਵਾਰ ਤਕਰਾਰ ਹੋਇਆ ਅਤੇ ਗੁਰਭੇਜ ਸਿੰਘ ਨੇ ਇਹ ਪੈਸੇ ਮੋੜ ਦਿੱਤੇ ਸਨ। ਇਸ ਦੇ ਬਾਵਜੂਦ ਵੀ ਵਿਨੋਦ ਕੁਮਾਰ ਇਸ ਬਾਰੇ ਰੰਜਿਸ਼ ਰੱਖਦਾ ਸੀ। ਉਸ ਨੇ ਕੱਲ੍ਹ ਸ਼ਾਮ ਗੁਰਿੰਦਰ ਸਿੰਘ ਉਤੇ ਉਸ ਵੇਲੇ ਹਮਲਾ ਕੀਤਾ ਜਦੋਂ ਉਹ ਆਪਣੇ ਚਾਚਾ ਗੁਰਵਿੰਦਰ ਸਿੰਘ ਨਾਲ ਮੋਟਰ ਸਾਈਕਲ ਦੀ ਪਿਛਲੀ ਸੀਟ 'ਤੇ ਬੈਠ ਕੇ ਘਰ ਜਾ ਰਿਹਾ ਸੀ। ਵਿਨੋਦ ਨੇ ਚਾਕੂ ਨਾਲ ਗੁਰਿੰਦਰ ਸਿੰਘ ਦੇ ਪੇਟ, ਛਾਤੀ ਅਤੇ ਪਿੱਠ 'ਤੇ ਕਈ ਵਾਰ ਕੀਤੇ। ਗੁਰਿੰਦਰ ਸਿੰਘ ਨੂੰ ਗੰਭੀਰ ਹਾਲਤ ਵਿੱਚ ਇਥੋਂ ਦੇ ਸਿਵਲ ਹਸਪਤਾਲ ਲਿਆਂਦਾ ਜਾ ਰਿਹਾ ਸੀ ਕਿ ਉਹ ਰਾਹ ਵਿੱਚ ਹੀ ਦਮ ਤੋੜ ਗਿਆ।







# ਫ਼ਰੀਦਕੋਟ ਹਲਕੇ ਦੇ ਲੋਕਾਂ ਦੀਆਂ ਮੁਸ਼ਕਿਲਾਂ ਲਈ ਮੁੱਖ ਮੰਤਰੀ ਨਾਲ ਮੁਲਾਕਾਤ ਜਲਦੀ : ਮੁਹੰਮਦ ਸਦੀਕ



ਮੋਗਾ, 2 ਜੂਨ (ਗਿਆਨ ਸਿੰਘ): ਫਰੀਦਕੋਟ ਹਲਕੇ ਤੋ ਨਵੇਂ ਚੁਣੇ ਸੰਸਦ ਮੈਂਬਰ ਮੁਹੰਮਦ ਸਦੀਕ ਨੇ ਕਿਹਾ ਕਿ ਆਗੂਆਂ ਦਾ ਕੰਮ ਇਕੱਲਾ ਵਿਕਾਸ ਕਰਵਾਉਣਾ ਹੀ ਨਹੀਂ ਹੁੰਦਾ ਸਗੋਂ ਕਰਵਾਏ ਕੰਮਾਂ ਦੀ ਪਰਗਤੀ ਬਾਰੇ ਜਨਤਾ ਵਿਚ ਖੁਲਾਸਾ ਕਰਨਾ ਵੀ ਹੁੰਦਾ ਹੈ।ਉਨ੍ਹਾਂ ਕਿਹਾ ਕਿ ਫ਼ਰੀਦਕੋਟ ਹਲਕੇ ਦੇ ਲੋਕਾਂ ਨੇ ਵੋਟਾਂ ਪਾ ਕੇ ਲੋਕ ਸਭਾ ਵਿਚ ਨੁਮਾਇੰਦਗੀ ਲਈ ਭੇਜਿਆ ਹੈ ਇਸ ਲਈ ਹਰ ਇੱਕ ਵੋਟਰ ਅਤੇ ਵਰਕਰ ਦੇ ਧੰਨਵਾਦੀ ਹਨ।ਉਨ੍ਹਾਂ ਕਿਹਾ ਕਿ ਲੋਕਾਂ ਦੀ ਮੁਸ਼ਕਿਲਾਂ ਨੂੰ ਸੰਸਦ ਵਿਚ ਰੱਖਣਾ ਤੇ ਪੂਰਾ ਕਰਵਾਉਣਾ ਉਨ੍ਹਾ ਦੀ ਨਿੱਜੀ ਜਿੰਮੇਵਾਰੀ ਹੈ ਜਿਸ ਨੂੰ ਨਿਭਾਉਣ ਲਈ ਲੋਕਾਂ ਦੇ ਸਹਿਯੋਗ ਦੀ ਲੋੜ ਹੈ।ਉਨ੍ਹਾ ਕਿਹਾ ਕਿ ਕੇਂਦਰ ਵਿਚ ਭਾਂਵੇ ਬੀਜੇਪੀ ਦੀ ਸਰਕਾਰ ਬਣ ਗਈ ਹੈ ਪਰ ਐਮ ਪੀ ਫੰਡ ਤਾਂ ਸਭ ਨੂੰ ਬਰਾਬਰ ਦਾ ਮਿਲਣਾ,ਉਸ ਦੀ ਵਰਤੋਂ ਸਥਾਨਿਕ ਵਿਧਾਇਕਾਂ ਨਾਲ ਸਲਾਹ ਮਸ਼ਵਰਾ ਕਰਕੇ ਕਰਨਗੇ।ਉਨ੍ਹਾਂ ਕਿਹਾ ਲੋਕਾਂ ਦੇ ਵਧੇਰੇ ਕੰਮ ਰਾਜ ਸਰਕਾਰ ਤੇ ਨਿਰਭਰ ਹਨ ਪੰਜਾਬ ਵਿਚ ਕਾਂਗਰਸ ਦੀ ਸਰਕਾਰ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਦੀ ਅਗਵਾਈ ਵਿਚ ਚਲ ਰਹੀ ਹੈ ਇਸ ਲਈ ਲੋਕਾਂ ਦੀਆਂ ਮੁਸ਼ਕਿਲਾਂ ਲਈ ਉਹ ਮੁੱਖ ਮੰਤਰੀ ਨੂੰ ਮਿਲਣਗੇ।ਕੈਪਟਨ ਸਰਕਾਰ ਨੇ ਪੰਜਾਬ ਦੇ ਲੋਕਾਂ ਲਈ ਜਿਹੜੇ ਕੰਮ ਕੀਤੇ ਹਨ ਉਨ੍ਹਾਂ ਕਰਕੇ ਲੋਕਾਂ ਨੇ ਕਾਂਗਰਸ ਵਿਚ ਭਰੋਸਾ ਪਰਗਟ ਕਰਦੇ ਵੱਡੀ ਜਿੱਤ ਬਖਸ਼ੀ ਹੈ।ਸਾਨੂੰ ਸੂਬੇ 'ਚ ਰਾਜ ਕਰ ਰਹੀ ਸਰਕਾਰ ਬਾਰੇ ਲੋਕਾਂ ਨੂੰ ਜਾਗਰੂਕ ਕਰਨਾ ਚਾਹੀਦੀ ਹੈ ਕਿ ਲੋਕਾਂ ਨੂੰ ਦੱਸਣ ਕਿ ਉਹਨਾਂ ਲਈ ਸਰਕਾਰ ਕੀ ਕੀ ਕਾਰਜ ਕਰ ਰਹੀ ਹੈ। ਉਹਨਾਂ ਕਿਹਾ ਕਿ ਚੋਣ ਪ੍ਰਚਾਰ ਦੌਰਾਨ ਵੀ ਅਸੀਂ ਆਪਣੇ ਕੀਤੇ ਕੰਮਾਂ ਦੀ ਰਿਪੋਰਟ ਨੂੰ ਲੋਕਾਂ ਦੇ ਸਾਹਮਣੇ ਰੱਖਦੇ ਹਾਂ ਤਾਂ ਹੀ ਲੋਕ ਉਹਨਾਂ ਦੀ ਹਮਾਇਤ ਕਰਦੇ ਹਨ । ਉਹਨਾਂ ਵਿਧਾਇਕ ਡਾ: ਹਰਜੋਤ ਕਮਲ ਅਤੇ ਉਹਨਾਂ ਦੀ ਸਮੁੱਚੀ ਟੀਮ ਵਧਾਈ ਦਿੰਦਿਆਂ ਕਿਹਾ ਉਨ੍ਹਾਂ ਨੂੰ ਮਾਣ ਹੈ ਜਿਹਨਾਂ ਦੀ ਦਿਨ ਰਾਤ ਦੀ ਮਿਹਨਤ ਕਰਕੇ ਉਹ ਦਿੱਲੀ ਤੱਕ ਪੁਜਣ ਵਿਚ ਕਾਮਯਾਬ ਹੋਏ ਹਨ।ਉਹ ਪੂਰੀ ਇਮਾਨਦਾਰੀ ਨਾਲ ਲੋਕ ਸਭਾ ਹਲਕੇ 'ਚ ਪੈਂਦੇ 9 ਵਿਧਾਨ ਸਭਾ ਹਲਕਿਆਂ ਦੇ ਵਿਕਾਸ ਲਈ ਕੰਮ ਕਰਨਗੇ। ਸਦੀਕ ਨੇ ਸੂਬੇ ਵਿਚ ਨਸ਼ੇ ਨੂੰ ਠੱਲ ਪਾਉਣ ਅਤੇ ਸੂਬੇ ਦੀ ਜਵਾਨੀ ਨੂੰ ਬਚਾਉਣ ਲਈ ਉਹਨਾਂ ਦੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਨੌਜਵਾਨ ਬੱਚਿਆਂ ਦੀ ਸੁਸਾਇਟੀ ਅਤੇ ਉਹਨਾਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣ ਤਾਂ ਕਿ ਉਹ ਨਸ਼ਿਆਂ ਤੋਂ ਬਚੇ ਰਹਿ ਸਕਦੇ ਹਨ। ਉਹਨਾਂ ਕਿਹਾ ਕਿ ਜੇ ਕੋਈ ਖਰੀਦਦਾਰ ਨਹੀਂ ਹੋਵੇਗਾ ਤਾਂ ਨਸ਼ਾ ਵੇਚਣ ਦਾ ਧੰਦਾ ਕਰਨ ਵਾਲਿਆਂ ਦਾ ਧੰਦਾ ਆਪੇ ਹੀ ਬੰਦ ਹੋ ਜਾਵੇਗਾ।ਜਨਾਬ ਮੁਹੰਮਦ ਸਦੀਕ ਅੱਜ ਜਿੱਤਣ ਉਪਰੰਤ ਪਹਿਲੀ ਵਾਰ ਵੋਟਰਾਂ ਦੇ ਧੰਨਵਾਦ ਲਈ ਜਨਤਕ ਮੀਟਿੰਗ ਨੂੰ ਸੰਬੋਧਨ ਕਰਨ ਲਈ ਮੋਗਾ ਵਿਖੇ ਪਹੁੰਚੇ ਸਨ।

ਜਨਾਬ ਮੁਹੰਮਦ ਸਦੀਕ ਦਾ ਸਵਗਤ ਕਰਦਿਆਂ ਮੋਗਾ ਦੇ ਵਿਧਾਇਕ ਡਾ: ਹਰਜੋਤ ਕਮਲ ਨੇ ਆਖਿਆ ਕਿ ਉਹ ਹਲਕੇ ਦੇ ਵੋਟਰਾਂ ਨੂੰ ਵਿਸ਼ਵਾਸ਼ ਦਿਵਾਉਂਦੇ ਹਨ ਕਿ ਉਹ ਸੰਸਦ ਮੈਂਬਰ ਮੁਹੰਮਦ ਸਦੀਕ ਨੂੰ ਮਿਲਣ ਵਾਲੇ ਐਮ ਪੀ ਫੰਡ ਨਾਲ ਹਲਕੇ ਦਾ ਸਰਵਪੱਖੀ ਵਿਕਾਸ ਕਰਵਾਉਣਗੇ।ਡਾ: ਕਮਲ ਨੇ ਜਿੱਥੇ ਹਲਕੇ ਦੇ ਵਿਕਾਸ ਸੰਬਧੀ ਚੱਲ ਰਹੇ ਕੰਮਾਂ 'ਤੇ ਸੰਖੇਪ ਵਿਚ ਚਾਨਣਾ ਪਾਇਆ।ਉਹਨਾਂ ਕਰਵਾਏ ਜਾ ਰਹੇ ਕੰਮਾਂ 'ਤੇ ਵਿਰੋਧੀਆਂ ਵੱਲੋਂ ਕੀਤੀ ਜਾ ਰਹੀ ਸਿਆਸਤ ਨੂੰ ਬੰਦ ਕਰਕੇ ਉਸਾਰੂ ਸੋਚ ਅਪਣਾਉਂਦਿਆਂ ਸਹਿਯੋਗ ਕਰਨ ਦੀ ਅਪੀਲ ਵੀ ਕੀਤੀ। ਵਿਧਾਇਕ ਨੇ ਆਖਿਆ ਕਿ ਉਹਨਾਂ ਨੂੰ ਵਿਧਾਇਕ ਬਣੇ ਮਹਿਜ਼ ਦੋ ਸਾਲ ਦੋ ਮਹੀਨੇ ਹੋਏ ਹਨ ਜਿਸ ਦੌਰਾਨ ਉਹਨਾਂ ਨੇ ਇਮਾਨਦਾਰੀ ਨਾਲ ਹਲਕੇ ਵਿਚ ਹੋਣ ਵਾਲੇ ਕੰਮਾਂ ਨੂੰ ਗਹੁ ਨਾਲ ਵਾਚਿਆ ਅਤੇ ਅਮਲੀ ਜਾਮਾ ਪਹਿਨਾਉਣ ਲਈ ਯਤਨ ਆਰੰਭੇ ।ਉਹਨਾਂ ਕਿਹਾ ਕਿ ਜਦੋਂ ਦਾ ਮੋਗੇ 'ਚ ਸਿਵਲ ਹਸਪਤਾਲ ਬਣਿਆ ਇਹ ਪਹਿਲੀ ਵਾਰ ਹੋਇਆ ਕਿ ਇਕੋ ਵਾਰ 7 ਸਪੈਸ਼ਲਿਸਟ ਡਾਕਟਰਾਂ ਨੇ ਇਕੱਠੇ ਜੁਆਇੰਨ ਕੀਤਾ ਹੈ। ਉਹਨਾਂ ਕਿਹਾ ਕਿ ਉਹ ਛੇਤੀ ਹੀ ਮੋਗਾ ਲੁਧਿਆਣਾ ਜੀ ਟੀ ਰੋਡ 'ਤੇ ਟਰੋਮਾ ਸੈਂਟਰ ਦਾ ਨਿਰਮਾਣ ਕਰਵਾਉਣਗੇ ਤਾਂ ਕਿ ਹਾਦਸੇ ਦੇ ਸ਼ਿਕਾਰ ਹੋਏ ਮਰੀਜ਼ਾਂ ਨੂੰ ਛੇਤੀ ਤੋਂ ਛੇਤੀ ਮੈਡੀਕਲ ਸੁਵਿਧਾ ਦਿੱਤਾ ਜਾ ਸਕੇ।ਉਨ੍ਹਾਂ ਕਿਹਾ ਕਿ ਪਿੰਡਾਂ ਅਤੇ ਸ਼ਹਿਰਾਂ ਦੇ ਲੋਕ ਹੁਣ ਪੂਰੀ ਤਰਾਂ ਖੁਸ਼ ਹਨ ਕਿ ਉਹਨਾਂ ਦੇ ਇਲਾਕਿਆਂ ਵਿਚ ਸੜਕਾਂ ਦੇ ਨਿਰਮਾਣ ਕਾਰਜ ਸ਼ੁਰੂ ਹੋ ਗਏ ਹਨ ਅਤੇ ਸ਼ਹਿਰ ਦੀਆਂ ਕੁਝ ਮੇਨ ਸੜਕਾਂ ਵੀ ਉਹਨਾਂ ਨੇ ਪੀ ਡਬਲਿਊ ਡੀ ਤੋਂ ਪਾਸ ਕਰਵਾ ਲਈਆਂ ਹਨ ਜੋ ਛੇਤੀ ਬਣ ਜਾਣਗੀਆਂ।

ਇਸ ਮੌਕੇ ਕਾਂਗਰਸ ਦੇ ਸ਼ਹਿਰੀ ਪ੍ਰਧਾਨ ਵਿਨੋਦ ਬਾਂਸਲ ਸ਼ਹਿਰੀ ਪਰਧਾਨ,ਸਾਬਕਾ ਪ੍ਰਧਾਨ ਕਰਨਲ ਬਾਬੂ ਸਿੰਘ,ਸੂਬਾ ਸਕੱਤਰ ਰਵਿੰਦਰ ਸਿੰਘ ਰਵੀ ਗਰੇਵਾਲ,ਸੀਨੀਅਰ ਕਾਂਗਰਸੀ ਆਗੂ ਦਵਿੰਦਰ ਸਿੰਘ ਰਣੀਆ, ਕਾਂਗਰਸ ਦੀ ਸਾਬਕਾ ਜ਼ਿਲ੍ਹਾ ਪ੍ਰਧਾਨ ਜਗਦਰਸ਼ਨ ਕੌਰ, ਕੌਂਸਲਰ ਨਰਿੰਦਰਪਾਲ ਸਿੰਘ ਸਿੱਧੂ,ਉਪਿੰਦਰ ਸਿੰਘ ਗਿੱਲ ਸਾਬਕਾ ਸਿਟੀ ਪ੍ਰਧਾਨ ਨੇ ਸੰਬੋਧਨ ਕੀਤਾ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਇੰਟਕ ਐਡਵੋਕੇਟ ਵਿਜੇ ਧੀਰ, ਮਹਿਲਾ ਕਾਂਗਰਸ ਦੀ ਜ਼ਿਲ੍ਹਾ ਪ੍ਰਧਾਨ ਬੀਬੀ ਵੀਰਪਾਲ ਕੌਰ ਜੌਹਲ, ਠਾਣਾ ਸਿੰਘ ਜੌਹਲ ਸੀਨੀਅਰ ਕਾਂਗਰਸੀ ਆਗੂ, ਜਗਸੀਰ ਸੀਰਾ ਚੱਕਰ, ਪਰਮਜੀਤ ਕੌਰ ਕਪੂਰੇ, ਰਾਮਪਾਲ ਧਵਨ, ਡਾ: ਗੁਰਕੀਰਤ ਸਿੰਘ, ਰਮੇਸ਼ ਕੁੱਕੂ ਸੂਬਾ ਸਕੱਤਰ,ਜ਼ਿਲ੍ਹਾ ਪ੍ਰੀਸ਼ਦ ਮੈਂਬਰ ਜਗਰੂਪ ਸਿੰਘ ਤਖਤੂਪੁਰਾ, ਕਰਨੈਲ ਸਿੰਘ ਦੌਧਰੀਆ ਜ਼ਿਲ੍ਹਾ ਪ੍ਰਧਾਨ ਬੀ.ਸੀ.ਵਿੰਗ, ਇੰਦਰਜੀਤ ਸਿੰਘ ਬੀੜ ਚੜਿੱਕ, ਸੁਮਨ ਕੌਸ਼ਿਕ,ਨਿਰਮਲ ਸਿੰਘ ਬੁਲਟ, ਗੁੱਗੂ ਸਰਪੰਚ ਦਾਤਾ ਤੋਂ ਇਲਾਵਾ ਵੱਡੀ ਗਿਣਤੀ ਵਿਚ ਆਗੂ ਅਤੇ ਵਰਕਰ ਹਾਜ਼ਰ ਸਨ।

# ਲੋਕ ਆਪਣੇ ਕੇਸਾਂ ਦਾ ਨਿਪਟਾਰਾ ਏ.ਡੀ.ਆਰ. ਪ੍ਰੀ ਲੋਕ ਅਦਾਲਤ ਅਤੇ ਮੈਡੀਏਸ਼ਨ ਸੈਂਟਰ ਦੁਆਰਾ ਕਰਵਾਉਣ



ਫਰੀਦਕੋਟ, 2 ਜੂਨ (ਗਿਆਨ ਸਿੰਘ): ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਦੇ ਮਾਨਯੋਗ ਚੇਅਰਮੈਨ-ਕਮ-ਜ਼ਿਲ੍ਹਾ ਸੈਸ਼ਨ ਜੱਜ ਹਰਪਾਲ ਸਿੰਘ ਨੇ ਲੋਕਾਂ ਨੂੰ 13 ਜੁਲਾਈ 2019 ਨੂੰ ਲੱਗਣ ਵਾਲੀ ਰਾਸ਼ਟਰੀ ਲੋਕ ਅਦਾਲਤ ਵਿੱਚ ਆਪਣੇ ਕੇਸ ਸ਼ਾਮਲ ਕਰਨ ਲਈ ਕਿਹਾ। ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਿਸ ਵਿਭਾਗ ਨੂੰ ਆਪਣੇ-ਆਪਣੇ ਵਿਭਾਗਾਂ ਨਾਲ ਸਬੰਧਿਤ ਕੇਸ ਭੇਜ ਕੇ ਇਸ ਨੂੰ ਸਫਲ ਬਣਾਉਣ ਲਈ ਕਿਹਾ।

ਉਨ੍ਹਾਂ ਕਿਹਾ ਕਿ ਰਾਸ਼ਟਰੀ ਲੋਕ ਅਦਾਲਤ ਤਹਿਤ ਫਰੀਦਕੋਟ ਸੈਸ਼ਨ ਡਵੀਜ਼ਨ ਵਿੱਚ ਬੈਂਚ ਸਥਾਪਿਤ ਕੀਤੇ ਜਾਣਗੇ ਇਸ ਲਈ ਜ਼ਿਲ੍ਹਾ ਪ੍ਰਸ਼ਾਸਨ, ਬੈਂਕ, ਟੈਲੀਫ਼ੋਨ ਕੰਪਨੀਆਂ, ਇੰਸ਼ੋਰੈਂਸ ਕੰਪਨੀਆਂ ਅਤੇ ਆਮ ਜਨਤਾ ਆਪਣੇ ਕੇਸਾਂ ਨੂੰ ਲੋਕ ਅਦਾਲਤ ਵਿੱਚ ਲਿਆ ਕੇ ਆਪਸੀ ਭਾਈਚਾਰੇ ਨਾਲ ਆਪਣੇ ਵਿਵਾਦਾਂ ਦਾ ਨਿਪਟਾਰਾ ਕਰਵਾਉਣ। ਝਗੜਾ ਨਿਵਾਰਨ ਸਕੀਮ, ਪ੍ਰੀ-ਲੋਕ ਅਦਾਲਤ ਅਤੇ ਮੈਡੀਏਸ਼ਨ ਸੈਂਟਰ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ ਕਿ ਏ.ਡੀ.ਆਰ., ਪ੍ਰੀ-ਲੋਕ ਅਦਾਲਤ ਅਤੇ ਮੈਡੀਏਸ਼ਨ ਇਕ ਇਹੋ ਜਿਹੀ ਪ੍ਰਕਿਰਿਆ ਹੈ ਜਿਸ ਤਹਿਤ ਲੋਕਾਂ ਨੂੰ ਆਪਸੀ ਸਹਿਮਤੀ ਨਾਲ ਆਪਣੇ ਝਗੜਿਆਂ ਦਾ ਨਿਪਟਾਰਾ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਕਿਹਾ ਕਿ ਦੋਨਾਂ ਪੱਖਾਂ ਨੂੰ ਆਹਮੋ-ਸਾਹਮਣੇ ਬਿਠਾ ਕੇ ਆਪਸੀ ਸਹਿਮਤੀ ਨਾਲ ਨਿਪਟਾਰਾ ਕਰਵਾਇਆ ਜਾਂਦਾ ਹੈ ਜਿਸ ਨਾਲ ਪੈਸੇ ਦੇ ਨਾਲ-ਨਾਲ ਕੀਮਤੀ ਸਮਾਂ ਵੀ ਬਚਦਾ ਹੈ।

ਨਸ਼ੇ ਦੇ ਮੁੱਦੇ ਤੇ ਸਬੰਧੀ ਉਨ੍ਹਾਂ ਕਿਹਾ ਕਿ ਨਸ਼ੇ ਵਿੱਚ ਫਸੇ ਨੌਜਵਾਨਾਂ ਅਤੇ ਨਸ਼ਾ ਵੇਚਣ ਵਾਲਿਆਂ ਨਾਲ ਅਲੱਗ-ਅਲੱਗ ਵਿਵਹਾਰ ਕਰਨ ਦੀ ਲੋੜ ਹੈ। ਨਸ਼ੇ ਵਿੱਚ ਫਸੇ ਨੌਜਵਾਨਾਂ ਪ੍ਰਤੀ ਮਾਨਵੀ ਸੋਚ ਅਤੇ ਤਸਕਰਾਂ ਪ੍ਰਤੀ ਪੂਰੀ ਸਖ਼ਤੀ ਵਰਤਣੀ ਚਾਹੀਦੀ ਹੈ। ਨਸ਼ੇ ਵਿੱਚ ਫਸੇ ਨੌਜਵਾਨਾਂ ਨੂੰ ਕੌਂਸਲਿੰਗ ਅਤੇ ਮੈਡੀਕਲ ਇਲਾਜ ਤਹਿਤ ਮੁੱਖ ਧਾਰਾਂ ਵਿੱਚ ਵਾਪਸ ਲਿਆਉਣ ਲਈ ਕੰਮ ਕਰਨਾ ਚਾਹੀਦਾ ਹੈ।

ਇਸ ਮੌਕੇ ਐਡੀਸ਼ਨਲ ਸੈਸ਼ਨ ਜੱਜ ਹਰਬੰਸ ਸਿੰਘ ਲੇਖੀ, ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਟੀ.ਪੀ.ਐਸ ਰੰਧਾਵਾ, ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਰਾਜਵੰਤ ਕੌਰ, ਵਧੀਕ ਡਿਪਟੀ ਕਮਿਸ਼ਨਰ (ਜ) ਗੁਰਜੀਤ ਸਿੰਘ, ਐਸ.ਪੀ. ਸੇਵਾ ਸਿੰਘ ਮੱਲੀ ਹਾਜ਼ਰ ਸਨ।

# ਸ਼ਹਿਰੀ ਇਕਾਈਆਂ ਵਿੱਚ ਸਫਲਤਾਪੂਰਵਕ ਚੱਲ ਰਿਹਾ ਹੈ ਆਨਲਾਈਨ ਨਕਸ਼ੇ ਪਾਸ ਕਰਵਾਉਣ ਦਾ ਸਿਸਟਮ: ਸਿੱਧੂ



ਚੰਡੀਗੜ੍ਹ 2 ਜੂਨ (ਗਿਆਨ ਸਿੰਘ): 'ਪੰਜਾਬ ਦੀਆਂ ਸਮੂਹ ਸਥਾਨਕ ਸਰਕਾਰਾਂ ਵਿੱਚ ਇਸ ਵੇਲੇ ਆਨਲਾਈਨ ਨਕਸ਼ੇ ਪਾਸ ਕਰਵਾਉਣ ਦਾ ਕੰਮ ਪੂਰੀ ਸਫਲਤਾਪੂਰਵਕ ਚੱਲ ਰਿਹਾ ਹੈ। ਈ-ਨਕਸ਼ਾ ਪੋਰਟਸ ਉਪਰ ਹੁਣ ਤੱਕ 4000 ਦੇ ਕਰੀਬ ਬਿਲਡਿੰਗਾਂ ਦੇ ਨਕਸ਼ੇ ਪਾਸ ਹੋ ਚੁੱਕੇ ਹਨ ਜਦੋਂ ਕਿ 8800 ਤੋਂ ਵੱਧ ਫਾਈਲਾਂ ਸਫਲ ਪੂਰਵਕ ਦਾਖਲ ਹੋ ਚੁੱਕੀਆਂ ਹਨ।'' ਇਹ ਖੁਲਾਸਾ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਅੱਜ ਇਥੇ ਜਾਰੀ ਪ੍ਰੈਸ ਬਿਆਨ ਵਿੱਚ ਕੀਤਾ।

ਸਿੱਧੂ ਨੇ ਕਿਹਾ ਕਿ ਪੋਰਟਲ ਉਪਰ 1600 ਦੇ ਕਰੀਬ ਆਰਕੀਟੈਕਟ ਤੇ ਇੰਜਨੀਅਰ ਰਜਿਸਟਰਡ ਹੋ ਚੁੱਕੇ ਹਨ ਅਤੇ ਇਸ ਆਨਲਾਈਨ ਸਿਸਟਮ ਵਿੱਚ ਹਿੱਸਾ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਹਾਲਾਂਕਿ ਆਨਲਾਈਨ ਬਿਲਡਿੰਗ ਪਲਾਨ ਅਪਰੂਵਲ ਸਿਸਟਮ (ਓ.ਬੀ.ਪੀ.ਸੀ.) ਨੂੰ ਸ਼ੁਰੂਆਤ ਵਿੱਚ ਕੁਝ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ ਪਰ ਹੁਣ ਇਸ ਨਾਲ ਜੁੜੇ ਸਮੂਹ ਪੇਸ਼ੇਵਾਰ ਵਿਅਕਤੀ, ਬਿਨੈਕਾਰ ਅਤੇ ਇਥੋਂ ਤੱਕ ਕਿ ਸਥਾਨਕ ਸਰਕਾਰਾਂ ਵਿਭਾਗ ਦਾ ਸਟਾਫ ਪੂਰੀ ਤਰ੍ਹਾਂ ਖੁਸ਼ ਅਤੇ ਸੰਤੁਸ਼ਟ ਹੈ ਕਿਉਕਿ ਇਹ ਪ੍ਰਣਾਲੀ ਪ੍ਰਚੱਲਿਤ ਪੁਰਾਣੇ ਢੰਗ ਨਾਲੋਂ ਜ਼ਿਆਦਾ ਕਾਰਗਾਰ ਹੈ। ਇਸ ਪ੍ਰਣਾਲੀ ਨੂੰ ਲਾਂਚ ਕਰਨ ਤੋਂ ਬਾਅਦ ਲੋਕਾਂ ਵੱਲੋਂ ਦਿਖਾਏ ਉਤਸ਼ਾਹ ਕਾਰਨ ਸਥਾਨਕ ਸ਼ਹਿਰੀ ਇਕਾਈਆਂ ਦੀ ਆਮਦਨ ਵਿੱਚ ਵੀ ਵਾਧਾ ਹੋਇਆ ਹੈ। ਇਸ ਪ੍ਰਣਾਲੀ ਨਾਲ ਬਿਨੈਕਾਰ ਤੋਂ ਇਲਾਵਾ ਆਰਕੀਟੈਕਟ ਦਾ ਸਮਾਂ ਤੇ ਸ਼ਕਤੀ ਵੀ ਬਚੀ ਹੈ। ਸੈਂਕੜੇ ਬਿਨੈਕਾਰ ਹੁਣ ਆਪਣੀ ਸਹੂਲਤ ਅਨੁਸਾਰ ਘਰ/ਦਫਤਰ ਬੈਠਿਆਂ ਇਸ ਦੀ ਵਰਤੋਂ ਕਰਕੇ ਆਪਣੇ ਸਮੇਂ ਦੀ ਚੋਖੀ ਬੱਚਤ ਕਰ ਰਹੇ ਹਨ।

ਓ.ਬੀ.ਪੀ.ਸੀ. ਬਾਰੇ ਹੋਰ ਜਾਣਕਾਰੀ ਦਿੰਦਿਆਂ ਸਥਾਨਕ ਸਰਕਾਰਾਂ ਬਾਰੇ ਮੰਤਰੀ ਨੇ ਦੱਸਿਆ ਕਿ ਇਸ ਸਿਸਟਮ ਨਾਲ ਡਿਜ਼ਾਇਨ ਨੂੰ ਸਕੈਨ ਅਤੇ ਰਿਪੋਰਟ ਤਿਆਰ ਕਰਨ ਵਿੱਚ ਵੱਧ ਤੋਂ ਵੱਧ ਦੋ ਦਿਨ ਦਾ ਸਮਾਂ ਲੱਗਦਾ ਹੈ। ਜੇ ਰਿਪੋਰਟ ਸਾਰੀ ਠੀਕ ਹੋਵੇ ਤਾਂ ਫਾਈਲ ਆਪਣੇ ਆਪ ਮਨਜ਼ੂਰ ਕਰਤਾ ਅਥਾਰਟੀ ਕੋਲ ਵੱਖ-ਵੱਖ ਪੜਾਵਾਂ ਵਿੱਚੋਂ ਗੁਜ਼ਰਦੀ ਪਹੁੰਚ ਜਾਂਦੀ ਹੈ ਅਤੇ ਈ-ਨਕਸ਼ਾ ਪਾਸ ਹੋ ਜਾਂਦਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਔਸਤਨ ਰੋਜ਼ਾਨਾ 60 ਫਾਈਲਾਂ ਇਸ ਸਿਸਟਮ ਰਾਹੀਂ ਪਾਸ ਹੁੰਦੀਆਂ ਹਨ ਅਤੇ ਸਟਾਫ ਨੂੰ ਤੈਅ ਸਮੇਂ ਅੰਦਰ ਮਨਜ਼ੂਰ ਕਰਨ ਦੀਆਂ ਦਿੱਤੀਆਂ ਸਖਤ ਹਦਾਇਤਾਂ ਕਾਰਨ 2-3 ਹਫਤੇ ਅੰਦਰ ਕੇਸ ਨੂੰ ਮਨਜ਼ੂਰੀ ਮਿਲ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਸ ਵੇਲੇ ਸਿਰਫ 3 ਫੀਸਦੀ ਫਾਈਲਾਂ ਇਕ ਮਹੀਨੇ ਤੋਂ ਵੱਧ ਸਮੇਂ, 3 ਫੀਸਦੀ 15 ਦਿਨ ਤੋਂ ਘੱਟ ਸਮੇਂ ਅਤੇ 7 ਫੀਸਦੀ ਸੱਤ ਦਿਨਾਂ ਤੋਂ ਵੱਧ ਸਮੇਂ ਤੋਂ ਪੈਂਡਿੰਗ ਪਈਆਂ ਹਨ।

ਸਿੱਧੂ ਨੇ ਕਿਹਾ ਇਸ ਸਿਸਟਮ ਨੂੰ ਅਪਣਾਉਣ ਨਾਲ ਵਿਭਾਗ ਦੇ ਕੰਮ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਆਈ ਹੈ। ਇਕ ਵਾਰ ਬਿਨੈਕਾਰ ਵੱਲੋਂ ਪੋਰਟਲ ਉਪਰ ਅਪਲਾਈ ਕਰਨ ਤੋਂ ਬਾਅਦ ਉਹ ਆਪਣੀ ਫਾਈਲ ਦਾ ਸਟੇਟਸ ਆਪਣੇ ਮੋਬਾਈਲ ਉਪਰ ਐਸ.ਐਮ.ਐਸ. ਰਾਹੀਂ ਦੇਖ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰਾਜੈਕਟ ਨੂੰ ਸਫਲ ਬਣਾਉਣ ਅਤੇ ਕਮੀਆਂ ਨੂੰ ਦੂਰ ਕਰਨ ਲਈ ਹੈਲਪ ਡੈਸਕ ਤਿਆਰ ਕੀਤੇ ਗਏ, ਛੇ ਖੇਤਰਾਂ ਵਿੱਚ ਨੋਡਲ ਅਧਿਕਾਰੀ ਤਾਇਨਾਤ ਕੀਤੇ ਗਏ ਅਤੇ ਆਰਕੀਟੈਕਟਾਂ ਨੂੰ ਸਿਖਲਾਈ ਵੀ ਦਿੱਤੀ ਗਈ। ਉਨ੍ਹਾਂ ਕਿਹਾ ਕਿ ਵਿਭਾਗ ਦਾ ਮਕਸਦ ਸ਼ਹਿਰ ਵਾਸੀਆਂ ਨੂੰ ਘਰ ਬੈਠਿਆਂ ਸਹੂਲਤ ਦੇਣੀ ਹੈ ਅਤੇ ਸ਼ਹਿਰਾਂ/ਕਸਬਿਆਂ ਵਿੱਚ ਜਾਇਜ਼ ਉਸਾਰੀਆਂ ਲਈ ਲੋਕਾਂ ਨੂੰ ਜਾਗਰੂਕ ਕਰਨਾ ਹੈ। ਉਨ੍ਹਾਂ ਕਿਹਾ ਕਿ ਇੰਜਨੀਅਰਾਂ ਤੇ ਆਰਕੀਟੈਕਟਾਂ ਦੀਆਂ ਐਸੋਸੀਏਸ਼ਨਾਂ ਨੂੰ ਵੀ ਇਸ ਨਾਲ ਜੋੜਿਆ ਜਾ ਰਿਹਾ ਹੈ।

ਸਿੱਧੂ ਨੇ ਦੱਸਿਆ ਕਿ ਇਸ ਸਿਸਟਮ ਦੇ ਲਾਗੂ ਹੋਣ ਨਾਲ ਉਨ੍ਹਾਂ ਦੇ ਵਿਭਾਗ ਦੇ ਟਾਊਨ ਪਲਾਨਿੰਗ ਵਿੰਗ ਦੇ ਸਟਾਫ ਨੂੰ ਵੀ ਰਾਹਤ ਮਿਲੀ ਹੈ ਕਿਉਕਿ ਹੁਣ ਉਨ੍ਹਾਂ ਉਪਰ ਕਿਸੇ ਸਿਫਾਰਸ਼ੀ ਕੇਸ ਨੂੰ ਮਨਜ਼ੂਰ ਕਰਨ ਦਾ ਦਬਾਅ ਨਹੀਂ ਰਿਹਾ। ਉਨ੍ਹਾਂ ਕਿਹਾ ਕਿ ਪਾਰਦਰਸ਼ਤਾ ਤੇ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਦੇਣ ਦੀ ਦਿਸ਼ਾ ਵਿੱਚ ਆਨਲਾਈਨ ਸੇਵਾਵਾਂ ਸਭ ਤੋਂ ਕਾਰਗਾਰ ਤਰੀਕਾ ਹੈ ਅਤੇ ਇਸ ਸਿਸਟਮ ਦੀ ਸਫਲਤਾ ਤੋਂ ਬਾਅਦ ਇਸ ਨੂੰ ਸੂਬੇ ਦੇ ਹੋਰ ਵਿਭਾਗ ਵੀ ਅਪਣਾਉਣ ਜਾ ਰਹੇ ਹਨ।

ਇਸ ਪ੍ਰਾਜੈਕਟ ਬਾਰੇ ਹੋਰ ਜਾਣਕਾਰੀ ਦਿੰਦਿਆਂ ਸ. ਸਿੱਧੂ ਨੇ ਦੱਸਿਆ ਕਿ ਓ.ਬੀ.ਪੀ.ਐਸ./ਈ-ਨਕਸਾ ਦੀ ਸ਼ੁਰੂਆਤ 15 ਅਗਸਤ 2018 ਤੋਂ ਕੀਤੀ ਗਈ ਸੀ ਅਤੇ ਇਸ ਸਬੰਧੀ ਏ.ਬੀ.ਐਮ. ਨਾਲ 6 ਜੂਨ 2018 ਨੂੰ ਸਮਝੌਤਾ ਹੋਇਆ ਸੀ। ਇਸ ਸਿਸਟਮ ਵਿੱਚ ਰਿਹਾਇਸ਼ੀ, ਵਪਾਰਕ ਅਤੇ ਉਦਯੋਗਿਕ ਤਿੰਨੋਂ ਖੇਤਰ ਸ਼ਾਮਲ ਹਨ।

# ਜਲੰਧਰ ਦੇ ਐਡਮਿਰਲ ਕਰਮਬੀਰ ਸਮੁੰਦਰੀ ਫੌਜ ਦੇ ਮੁਖੀ ਬਣੇ

ਨਵੀਂ ਦਿੱਲੀ, 2 ਜੂਨ (ਪੋਸਟ ਬਿਊਰੋ)- ਐਡਮਿਰਲ ਕਰਮਬੀਰ ਸਿੰਘ ਨੇ ਸਮੁੰਦਰੀ ਫੌਜ ਦੇ 24ਵੇਂ ਮੁਖੀ ਵਜੋਂ ਅਹੁਦੇ ਦਾ ਕਾਰਜਭਾਰ ਸੰਭਾਲ ਲਿਆ ਹੈ। ਜਲੰਧਰ ਦੇ ਜੰਮਪਲ ਐਡਮਿਰਲ ਕਰਮਬੀਰ ਸਿੰਘ ਨੇ ਕੱਲ੍ਹ ਸੇਵਾਮੁਕਤ ਹੋਏ ਨੇਵੀ ਮੁਖੀ ਐਡਮਿਰਲ ਸੁਨੀਲ ਲਾਂਬਾ ਦੀ ਥਾਂ ਲਈ ਹੈ।

ਇਹ ਮਾਣਯੋਗ ਅਹੁਦਾ ਸੰਭਾਲਣ ਤੋਂ ਬਾਅਦ ਐਡਮਿਰਲ ਕਰਮਬੀਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਕੋਸ਼ਿਸ਼ ਦੇਸ਼ ਨੂੰ ਅਜਿਹੀ ਸਮੁੰਦਰੀ ਫੌਜ ਦੇਣ ਦੀ ਰਹੇਗੀ, ਜਿਹੜੀ ਮਜ਼ਬੂਤ, ਭਰੋਸੇਯੋਗ ਤੇ ਸਮੁੰਦਰੀ ਖੇਤਰ 'ਚ ਸੁਰੱਖਿਆ ਚੁਣੌਤੀ ਨੂੰ ਪੂਰਾ ਕਰਨ ਦੀ ਹੋਵੇ। ਵਰਨਣ ਯੋਗ ਹੈ ਕਿ ਕੇਂਦਰ ਸਰਕਾਰ ਨੇ ਇਸ ਸਾਲ 23 ਮਾਰਚ ਨੂੰ ਐਡਮਿਰਲ ਕਰਮਬੀਰ ਸਿੰਘ ਨੂੰ ਸਮੁੰਦਰੀ ਫੌਜ ਦਾ ਅਗਲਾ ਮੁਖੀ ਬਣਾਏ ਜਾਣ ਦਾ ਐਲਾਨ ਕੀਤਾ ਸੀ। ਐਡਮਿਰਲ ਕਰਮਬੀਰ ਸਿੰਘ ਨੂੰ ਨਿਯੁਕਤ ਕੀਤੇ ਜਾਣ ਦੇ ਖਿਲਾਫ ਵਾਈਸ ਐਡਮਿਰਲ ਬਿਮਲ ਸ਼ਰਮਾ ਨੇ ਮਿਲਟਰੀ ਕੋਰਟ ਵਿੱਚ ਅਪੀਲ ਦਾਇਰ ਕੀਤੀ ਸੀ। ਮਾਮਲੇ ਦੀ ਸੁਣਵਾਈ 17 ਜੁਲਾਈ ਨੂੰ ਹੋਣੀ ਹੈ, ਪ੍ਰੰਤੂ ਮਿਲਟਰੀ ਕੋਰਟ ਨੇ ਕਰਮਬੀਰ ਸਿੰਘ ਨੂੰ ਅਹੁਦੇ ਦਾ ਕਾਰਜਭਾਰ ਸੰਭਾਲਣ ਦਾ ਆਦੇਸ਼ ਦੇ ਦਿੱਤਾ ਸੀ। ਐਡਮਿਰਲ ਕਰਮਬੀਰ ਸਿੰਘ ਨੈਸ਼ਨਲ ਡਿਫੈਂਸ ਅਕੈਡਮੀ (ਐਨ ਡੀ ਏ) ਖੜਕਵਾਸਲਾ ਦੇ ਸਾਬਕਾ ਵਿਦਿਆਰਥੀ ਹਨ। ਉਹ 1980 ਵਿੱਚ ਸਮੁੰਦਰੀ ਫੌਜ ਨਾਲ ਜੁੜੇ ਸਨ ਅਤੇ 1982 ਤੱਕ ਉਨ੍ਹਾਂ ਦੀ ਨਿਯੁਕਤੀ ਇਕ ਹੈਲੀਕਾਪਟਰ ਪਾਇਲਟ ਵਜੋਂ ਸੀ। ਐਨ ਡੀ ਏ ਆਉਣ ਤੋਂ ਪਹਿਲਾਂ ਉਨ੍ਹਾਂ ਮਹਾਰਾਸ਼ਟਰ ਤੇ ਬਾਰਨੇਸ ਸਕੂਲ ਦੇਵਲਾਲੀ ਤੋਂ ਸਨਾਤਕ ਦੀ ਸਿੱਖਿਆ ਹਾਸਲ ਕੀਤੀ ਸੀ। ਮੂਲ ਰੂਪ ਤੋਂ ਪੰਜਾਬ ਦੇ ਜਲੰਧਰ ਦੇ ਵਸਨੀਕ ਐਡਮਿਰਲ ਕਰਮਬੀਰ ਸਿੰਘ ਦੀ ਸਿੱਖਿਆ ਦੇਸ਼ ਦੇ ਕਈ ਸ਼ਹਿਰਾਂ 'ਚ ਹੋਈ ਕਿਉਂਕਿ ਉਨ੍ਹਾਂ ਦੇ ਪਿਤਾ ਭਾਰਤੀ ਹਵਾਈ ਫੌਜ ਵਿੱਚ ਸਨ ਅਤੇ ਵਿੰਗ ਕਮਾਂਡਰ ਦੇ ਰੂਪ 'ਚ ਸੇਵਾਮੁਕਤ ਹੋਏ ਸਨ। ਐਡਮਿਰਲ ਕਰਮਬੀਰ ਸਿੰਘ ਨੂੰ ਸਾਲ 2018 'ਚ ਸ਼ਾਨਦਾਰ ਸੇਵਾ ਲਈ ਏ ਵੀ ਐਸ ਐਮ (ਅਤਿ ਵਸ਼ਿਸ਼ਟ ਸੇਵਾ ਮੈਡਲ) ਅਤੇ ਪੀ ਵੀ ਐਸ ਐਮ (ਪਰਮ ਵਸ਼ਿਸ਼ਟ ਸੇਵਾ ਮੈਡਲ) ਨਾਲ ਨਿਵਾਜਿਆ ਗਿਆ ਸੀ। ਐਡਮਿਰਲ ਕਰਮਬੀਰ ਸਿੰਘ ਨੂੰ 31 ਮਈ, 2016 ਨੂੰ ਵਾਈਸ ਐਡਮਿਰਲ ਦਾ ਕਾਰਜਭਾਰ ਸੌਂਪਿਆ ਗਿਆ ਸੀ। ਇੰਡੀਅਨ ਕੋਸਟ ਗਾਰਡ ਸ਼ਿਪ ਚਾਂਦਬੀਬੀ, ਲੜਾਕੂ ਬੇੜਾ ਆਈ ਐਨ ਐਸ ਵਿਜੇਦੁਰਗ ਦੇ ਇਲਾਵਾ ਆਈ ਐਨ ਐਸ ਰਾਣਾ ਅਤੇ ਆਈ ਐਨ ਐਸ ਦਿੱਲੀ ਵਰਗੇ ਚਾਰ ਅਹਿਮ ਜਹਾਜ਼ ਉਨ੍ਹਾਂ ਦੇ ਕੰਟਰੋਲ 'ਚ ਰਹੇ ਹਨ।

# ਸੈਰ ਸਪਾਟਾ ਗਾਈਡ ਨੇ ਜਾਨ ਦੇ ਕੇ ਪੰਜਾਂ ਦੀ ਜ਼ਿੰਦਗੀ ਬਚਾਈ

ਸ੍ਰੀਨਗਰ, 2 ਜੂਨ (ਪੋਸਟ ਬਿਊਰੋ)- ਕਸ਼ਮੀਰੀਅਤ ਦੀ ਮਿਸਾਲ ਪੇਸ਼ ਕਰਦਿਆਂ ਇੱਕ ਗਾਈਡ ਨੇ ਜੰਮੂ ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਦੇ ਪਹਿਲਗਾਮ ਰਿਜ਼ੋਰਟ 'ਚ ਲਿੱਧੜ ਨਦੀ 'ਚੋਂ ਦੋ ਸੈਲਾਨੀਆਂ ਸਣੇ ਪੰਜ ਦੀ ਜਾਨ ਬਚਾਈ ਹੈ।

ਅਧਿਕਾਰੀਆਂ ਦੇ ਦੱਸਣ ਮੁਤਾਬਕ ਸ਼ੁੱਕਰਵਾਰ ਨੂੰ ਤੇਜ਼ ਹਵਾਵਾਂ ਵਿੱਚ ਉਨ੍ਹਾਂ ਪੰਜਾਂ ਦੀ ਕਿਸ਼ਤੀ ਦਰਿਆ ਵਿੱਚ ਡੁੱਬ ਗਈ। ਗਾਈਡ ਰਾਊਫ ਅਹਿਮਦ ਡਾਰ ਨੇ ਆਪਣੀ ਸੁਰੱਖਿਆ ਦੀ ਪ੍ਰਵਾਹ ਕੀਤੇ ਬਿਨਾਂ ਨਦੀ ਵਿੱਚ ਛਾਲ ਮਾਰ ਦਿੱਤੀ ਅਤੇ ਪੰਜਾਂ ਨੂੰ ਬਚਾ ਲਿਆ। ਸ੍ਰੀਨਗਰ ਤੋਂ 96 ਕਿਲੋਮੀਟਰ ਦੂਰ ਪਹਿਲਗਾਮ ਵਿੱਚ ਸ਼ੁੱਕਰਵਾਰ ਸ਼ਾਮ ਜਦੋਂ ਇਹ ਘਟਨਾ ਹੋਈ, ਉਸ ਸਮੇਂ ਕਿਸ਼ਤੀ ਵਿੱਚ ਤਿੰਨ ਸਥਾਨਕ ਲੋਕ ਤੇ ਪੱਛਮੀ ਬੰਗਾਲ ਦਾ ਇੱਕ ਟੂਰਿਸਟ ਜੋੜਾ ਸਵਾਰ ਸੀ। ਅਧਿਕਾਰੀਆਂ ਨੇ ਦੱਸਿਆ ਕਿ ਰਾਊਫ ਅਹਿਮਦ ਨੇ ਕਸ਼ਮੀਰ ਵਿੱਚ ਆਏ ਟੂਰਿਸਟਾਂ ਪ੍ਰਤੀ ਸੱਚੀ ਮਹਿਮਾਨ ਨਿਵਾਜ਼ੀ ਵਾਲੀ ਭਾਵਨਾ ਪੇਸ਼ ਕੀਤੀ। ਉਸ ਦੀ ਲਾਸ਼ ਕੱਲ੍ਹ ਸਵੇਰੇ ਭਿਵਾਨੀ ਪੁਲ ਕੋਲੋਂ ਮਿਲੀ। ਉਸ ਨੂੰ ਰਸਮੀ ਕਾਰਵਾਈਆਂ ਨਿਭਾਉਣ ਪਿੱਛੋਂ ਪਰਵਾਰ ਦੇ ਹਵਾਲੇ ਕਰ ਦਿੱਤਾ ਗਿਆ। ਅਨੰਤਨਾਗ ਦੇ ਡਿਪਟੀ ਕਮਿਸ਼ਨਰ ਨੇ ਰਾਊਫ ਲਈ ਬਹਾਦਰੀ ਦੇ ਪੁਰਸਕਾਰ ਦੀ ਸਿਫਾਰਸ਼ ਕੀਤੀ ਹੈ। ਸੂਬੇ ਦੇ ਮੁੱਖ ਸਕੱਤਰ ਬੀ ਵੀ ਆਰ ਸੁਬਰਾਮਨੀਅਮ ਦੇ ਹੁਕਮਾਂ 'ਤੇ 32 ਸਾਲਾ ਡਾਰ ਦੇ ਪਰਵਾਰ ਨੂੰ ਪੰਜ ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਗਈ ਹੈ। ਡਾਰ ਦੇ ਪਰਵਾਰ ਵਿੱਚ ਉਨ੍ਹਾਂ ਦੇ ਮਾਤਾ-ਪਿਤਾ, ਭਰਾ ਅਤੇ ਪਤਨੀ ਹਨ।

# ਗੁਰਦੁਆਰਾ ਸਾਹਿਬ ਦਾ ਗ੍ਰੰਥੀ ਰੱਖਣ-ਹਟਾਉਣ ਤੋਂ ਗੋਲੀ ਚੱਲੀ

ਬਾਦਸ਼ਾਹਪੁਰ, 2 ਜੂਨ ਮਈ, (ਪੋਸਟ ਬਿਊਰੋ)- ਹਲਕਾ ਸ਼ੁਤਰਾਣਾ ਦੇ ਪਿੰਡ ਅਰਨੇਟੂ ਦੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਨਾਲ ਗੁਰਦੁਆਰਾ ਕਮੇਟੀ ਦੇ ਮਤਭੇਦ ਹੋਣ ਤੇ ਉਸ ਦੇ ਡਿਊਟੀ ਛੱਡ ਜਾਣ ਤੋਂ ਪਿੰਡ ਦੇ ਜ਼ਿਮੀਦਾਰਾਂ ਤੇ ਬਾਜੀਗਰ ਬਰਾਦਰੀ ਦੇ ਲੋਕਾਂ ਵਿਚਾਲੇ ਸਥਿਤੀ ਤਣਾਅ ਪੂਰਨ ਬਣ ਗਈ ਹੈ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਵਿਹੜੇ ਵਿੱਚ ਇਕੱਠੇ ਦੇ ਦੌਰਾਨ ਕਿਸੇ ਅਣਪਛਾਤੇ ਵਿਅਕਤੀ ਵੱਲੋਂ ਹਵਾਈ ਫਾਇਰ ਕਰਨ ਨਾਲ ਭਾਜੜ ਮੱਚ ਗਈ।

ਗੁਰਦੁਆਰਾ ਕਮੇਟੀ ਦੇ ਮੈਂਬਰ ਅਤੇ ਪੰਚਾਇਤ ਅਰਨੇਟੂ ਖੁਰਦ ਦੇ ਸਰਪੰਚ ਅਵਤਾਰ ਸਿੰਘ ਦੇ ਮੁਤਾਬਕ ਗੁਰੂਘਰ ਦਾ ਗ੍ਰੰਥੀ ਜਸਵੰਤ ਸਿੰਘ ਏਥੇ ਗੁਰਦੁਆਰਾ ਕਮੇਟੀ ਵੱਲੋਂ ਗੋਲਕ ਰੱਖਣ ਤੋਂ ਨਰਾਜ਼ ਹੋ ਗਿਆ ਤੇ ਕੱਲ੍ਹ ਪ੍ਰਬੰਧਕ ਕਮੇਟੀ ਨੂੰ ਦੱਸ ਕੇ ਡਿਊਟੀ ਛੱਡ ਗਿਆ। ਇਸ ਤੋਂ ਪਿੰਡ ਦੇ ਲੋਕ ਨਰਾਜ ਹਨ। ਪਿੰਡ ਵਿਚਲੇ ਹੋਰ ਬਰਾਦਰੀਆਂ ਦੇ ਲੋਕ ਗੁਰਦੁਆਰਾ ਕਮੇਟੀ ਦੇ ਮੈਂਬਰਾਂ ਉੱਤੇ ਦੋਸ਼ ਲਾਉਂਦੇ ਸਨ ਕਿ ਗ੍ਰੰਥੀ ਨੂੰ ਕਮੇਟੀ ਨੇ ਧੱਕੇ ਨਾਲ ਜਲੀਲ ਕਰਕੇ ਗੁਰਦੁਆਰੇ ਤੋਂ ਕੱਢਿਆ ਹੈ ਅਤੇ ਪਿੰਡ ਦੇ ਬਹੁਤੇ ਲੋਕ ਗ੍ਰੰਥੀ ਸਿੰਘ ਨੂੰ ਕੱਢਣ ਦੇ ਵਿਰੁੱਧ ਹਨ। ਉਨ੍ਹਾਂ ਨੇ ਕਮੇਟੀ ਮੈਂਬਰ ਦੇ ਪੁੱਤਰ ਉੱਤੇ ਪੰਚਾਇਤੀ ਇਕੱਠ ਵਿੱਚ ਗੋਲੀ ਚਲਾਉਣ ਦਾ ਦੋਸ਼ ਲਾਇਆ। ਇਸ ਸੰਬੰਧ ਵਿੱਚ ਡੀ ਐਸ ਪੀ ਦਾ ਕਹਿਣਾ ਹੈ ਕਿ ਗੁਰ-ਦੁਆਰਾ ਸਾਹਿਬ ਵਿੱਚ ਝਗੜਾ ਅਤੇ ਹਵਾਈ ਫਾਇਰ ਕੀਤੇ ਜਾਣ ਦੀ ਸੂਚਨਾ ਮਿਲੀ ਸੀ, ਜਿਸ ਪਿੱਛੋਂ ਪੁਲਿਸ ਨੇ ਮੌਕੇ ਉੱਤੇ ਪਹੁੰਚ ਕੇ ਲੋਕਾਂ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ ਤੇ ਹਾਜਰ ਲੋਕਾਂ ਦੇ ਬਿਆਨ ਦਰਜ ਕਰ ਲਏ ਹਨ।






# ਸ਼ਹੀਦੀ ਸਮਾਰਕਾਂ ਦਾ ਸਤਿਕਾਰ ਕਰਨ ਦੀ ਲੋੜ

-ਬਿਕਰਮਜੀਤ ਸਿੰਘ ਜੀਤ



ਅੰਮ੍ਰਿਤਸਰ ਦਾ ਜਲ੍ਹਿਆਂਵਾਲਾ ਬਾਗ 13 ਅਪ੍ਰੈਲ 1919 ਦੀ ਵਿਸਾਖੀ ਨੂੰ ਰੌਲਟ ਐਕਟ ਦੇ ਵਿਰੁੱਧ ਪੁਰਅਮਨ ਰੋਸ ਪ੍ਰਗਟ ਕਰਦੇ ਸੈਂਕੜੇ ਲੋਕਾਂ ਨੂੰ ਬ੍ਰਿਟਿਸ਼ ਸਰਕਾਰ ਦੇ ਫੌਜੀ ਅਫਸਰ ਜਨਰਲ ਡਾਇਰ ਵੱਲੋਂ ਅੰਨ੍ਹੇ-ਵਾਹ ਗੋਲੀਆਂ ਚੱਲਵਾ ਕੇ ਸ਼ਹੀਦ ਕੀਤੇ ਜਾਣ ਦਾ ਗਵਾਹ ਹੈ। ਜਲ੍ਹਿਆਂਵਾਲੇ ਬਾਗ ਦੇ ਇਤਿਹਾਸਕ ਗਲੀ-ਨੁਮਾ ਮੁੱਖ ਦਰਵਾਜ਼ੇ (ਜਿਸ ਰਾਹੀਂ ਜਨਰਲ ਡਾਇਰ ਆਪਣੀਆਂ ਫੌਜਾਂ ਲੈ ਕੇ ਅੰਦਰ ਵੜਿਆ ਸੀ), ਤੋਂ ਜਦੋਂ ਲੇਖਕ ਅੰਦਰ ਜਾ ਰਿਹਾ ਸੀ ਤਾਂ ਉਥੇ ਕੁਝ ਅੱਲੜ੍ਹ ਉਮਰ ਦੀਆਂ ਲੜਕੀਆਂ ਅਜੀਬ ਜਿਹੇ ਮੂੰਹ ਬਣਾ ਕੇ ਆਪਣੇ ਮੋਬਾਈਲ ਨਾਲ ਸੈਲਫੀਆਂ ਖਿੱਚ ਰਹੀਆਂ ਸਨ। ਗਲੀ ਖਤਮ ਹੋਣ ਉੱਤੇ ਇਕ ਖੁੱਲ੍ਹਾ ਵਿਹੜਾ ਹੈ, ਜਿਥੇ ਇਕ ਲਾਲ ਪੱਥਰ ਉੱਤੇ ਨਿਸ਼ਾਨਦੇਹੀ ਕਰਕੇ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਲਿਖਿਆ ਹੈ, 'ਲੋਕਾਂ ਉੱਤੇ ਗੋਲੀ ਇਥੋਂ ਚਲਾਈ ਗਈ ਸੀ।' ਪੱਥਰ ਦੇ ਕੋਲੋਂ ਲੰਘ ਰਹੇ ਸੈਲਾਨੀ ਇਸ ਨੂੰ ਅਣਗੌਲਿਆਂ ਕਰਕੇ ਅੱਗੇ ਲੰਘ ਰਹੇ ਸਨ।

ਇਸ ਜਗ੍ਹਾ ਤੋਂ ਐਨ ਸਾਹਮਣੇ ਵਿਚਕਾਰ ਜਲ੍ਹਿਆਂਵਾਲੇ ਬਾਗ ਦਾ ਸ਼ਹੀਦੀ ਸਮਾਰਕ ਨਜ਼ਰੀਂ ਪੈਂਦਾ ਹੈ। ਇਸ ਦੇ ਖੱਬੇ ਹੱਥ 'ਸ਼ਹੀਦੀ ਖੂਹ' ਹੈ, ਜਿਸ ਵਿੱਚ ਡਾਇਰ ਦੀਆਂ ਗੋਲੀਆਂ ਤੋਂ ਬਚਦੇ ਹੋਏ ਲੋਕ ਜਾ ਡਿੱਗੇ ਸਨ। ਇਸ ਜਗ੍ਹਾ ਵੀ ਨਿਸ਼ਾਨਦੇਹੀ ਕਰਕੇ ਉਸੇ ਤਰ੍ਹਾਂ ਦੇ ਇਕ ਚਨੁਕਰੇ ਲਾਲ ਪੱਥਰ ਉੱਤੇ ਚਾਰ ਭਾਸ਼ਾਵਾਂ ਵਿੱਚ ਇਹ ਲਿਖਿਆ ਗਿਆ ਹੈ, 'ਗੋਲੀ ਤੋਂ ਜਾਨ ਬਚਾਉਣ ਵਾਸਤੇ ਲੋਕ ਦੌੜਦੇ-ਦੌੜਦੇ ਇਸ ਖੂਹ ਵਿੱਚ ਡਿੱਗ ਪਏ। ਇਸ ਖੂਹ ਦੀ ਮੌਣ ਜ਼ਮੀਨ ਸਤ੍ਹਾ ਦੇ ਬਰਾਬਰ ਸੀ। ਇਸ ਖੂਹ ਵਿੱਚੋਂ 120 ਵਿਅਕਤੀਆਂ ਦੀਆਂ ਲਾਸ਼ਾਂ ਕੱਢੀਆਂ ਗਈਆਂ।' ਇਥੇ ਉਹ ਪੁਰਾਤਨ ਦੀਵਾਰਾਂ ਵੀ ਮੌਜੂਦ ਹਨ, ਜਿਨ੍ਹਾਂ 'ਤੇ ਗੋਲੀਆਂ ਦੇ ਨਿਸ਼ਾਨ ਹਾਲੇ ਵੀ ਵੇਖੇ ਜਾ ਸਕਦੇ ਹਨ। ਇਸ ਤੋਂ ਇਲਾਵਾ ਇਥੇ ਇਕ ਅਮਰ ਜੋਤੀ ਦੀ ਸਥਾਪਤ ਕੀਤੀ ਗਈ ਹੈ ਤੇ ਸ਼ਹੀਦਾਂ ਦੀ ਯਾਦ ਵਿੱਚ ਤਸਵੀਰਾਂ ਵਾਲੀ ਇਕ ਸ਼ਹੀਦੀ ਚਿੱਤਰਸ਼ਾਲਾ ਵੀ ਹੈ। ਇਥੇ ਅਜਾਇਬ ਘਰ ਨੁਮਾ ਇਕ ਹਾਲ ਵੀ ਹੈ, ਜਿਥੇ ਸ਼ੀਸ਼ੇ ਵਿੱਚ ਰੱਖੀ ਉਹ ਗਾਗਰ ਮੌਜੂਦ ਹੈ, ਜਿਸ ਵਿੱਚ ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ 19 ਜੁਲਾਈ 1974 ਨੂੰ ਭਾਰਤ ਲਿਆਂਦੀਆਂ ਗਈਆਂ ਸਨ। ਇਥੇ ਉਸ ਸਾਕੇ ਦੇ ਦਿਨ ਮਾਰੇ ਗਏ ਇਕ ਵਿਅਕਤੀ ਦੀ ਜੇਬ ਵਿੱਚੋਂ ਕੱਢੇ ਗਏ ਸਿੱਕੇ ਰੱਖੇ ਹੋਏ ਹਨ, ਜਿਨ੍ਹਾਂ ਵਿੱਚ ਇਕ ਅਜਿਹਾ ਸਿੱਕਾ ਵੀ ਹੈ, ਜਿਸ 'ਤੇ ਗੋਲੀ ਵੱਜੀ ਸੀ। ਇਥੇ ਕੁਝ ਉਹ ਪੁਸਤਕਾਂ ਵੀ ਰੱਖੀਆਂ ਗਈਆਂ ਹਨ, ਜਿਨ੍ਹਾਂ ਉਤੇ ਉਸ ਸਮੇਂ ਦੀ ਬ੍ਰਿਟਿਸ਼ ਸਰਕਾਰ ਨੇ ਰੋਕ ਲਾਈ ਸੀ। ਇਨ੍ਹਾਂ ਵਿੱਚੋਂ ਇਕ ਪੁਸਤਕ 'ਬਾਗੇ ਜਲਿਆਂ' (ਹਿੰਦੀ) ਤੇ ਦੂਜੀ ਫਿਰੋਜ਼ਦੀਨ ਸ਼ਰਫ ਦੀ 'ਦੁਖਾਂ ਦੇ ਕੀਰਨੇ' ਹੈ, ਜੋ ਪੰਜਾਬ ਖਾਲਸਾ ਪ੍ਰੈਸ, ਬਾਜ਼ਾਰ ਮਾਈ ਸੇਵਾ, ਅੰਮ੍ਰਿਤਸਰ ਨੇ ਛਾਪੀ ਸੀ। ਇਸ ਤੋਂ ਬਿਨਾ ਇਥੇ ਅੰਗਰੇਜ਼ਾਂ ਵੱਲੋਂ ਲੋਕਾਂ 'ਤੇ ਕੀਤੇ ਜ਼ੁਲਮਾਂ ਦੀ ਦਾਸਤਾਨ ਬਿਆਨ ਕਰਦੀਆਂ ਕੁਝ ਇਤਿਹਾਸਕ ਤਸਵੀਰਾਂ ਵੀ ਪ੍ਰਦਰਸ਼ਿਤ ਕੀਤੀਆਂ ਗਈਆਂ ਹਨ। ਸ਼ਹੀਦੀ ਸਮਾਰਕ ਦੇ ਆਲੇ ਦੁਆਲੇ ਅਨੇਕਾਂ ਲੋਕ ਘੁੰਮ ਫਿਰ ਰਹੇ ਸਨ। ਇਥੇ ਵੀ ਲਗਭਗ ਹਰ ਵਿਅਕਤੀ ਦੇ ਹੱਥ ਵਿੱਚ ਮੋਬਾਈਲ ਜਾਂ ਕੈਮਰਾ ਸੀ ਤੇ ਉਹ ਇਕ ਦੂਜੇ ਦੀਆਂ ਵੱਖ-ਵੱਖ ਪੋਜ਼ ਵਿੱਚ ਤਸਵੀਰਾਂ ਖਿੱਚ ਰਹੇ ਸਨ। ਥੋੜ੍ਹਾ ਹੋਰ ਅਗਾਂਹ ਕੁਝ ਨੌਜਵਾਨ ਸੈਲਾਨੀ ਲੜਕੇ ਹਾਸਾ ਮਖੌਲ ਕਰਨ ਰੁੱਝੇ ਹੋਏ ਰੌਲਾ ਪਾ ਰਹੇ ਸਨ। ਉਥੇ ਮੌਜੂਦ ਲਗਭਗ ਹਰ ਨੌਜਵਾਨ ਸਿਰਫ ਮੌਜ ਮਸਤੀ ਕਰ ਰਿਹਾ ਸੀ। ਕੁਝ ਨੌਜਵਾਨ ਲੜਕੇ ਮੋਬਾਈਲ 'ਤੇ ਗੀਤ ਲਾ ਕੇ ਸੁਣ ਰਹੇ ਸਨ।

ਇਹ ਸਭ ਕੁਝ ਦੇਖ ਕੇ ਲੇਖਕ ਇਹ ਸੋਚਣ ਲਈ ਮਜਬੂਰ ਹੋ ਗਿਆ ਕਿ ਜੋ 1919 ਵਿੱਚ ਭਾਣਾ ਵਾਪਰਿਆ ਸੀ, ਕੀ ਉਸ ਨੂੰ ਕੋਈ ਯਾਦ ਵੀ ਕਰ ਰਿਹਾ ਹੈ ਜਾਂ ਨਹੀਂ? ਇਥੇ ਮੌਜੂਦ ਲੋਕਾਂ ਨੂੰ ਡਾਇਰ ਵੱਲੋਂ ਇਸ ਜਗ੍ਹਾ ਨਿਹੱਥੇ, ਬੇਦੋਸ਼ੇ ਤੇ ਮਜ਼ਲੂਮ ਲੋਕਾਂ 'ਤੇ ਚਲਾਈਆਂ ਗੋਲੀਆਂ ਦੀ ਆਵਾਜ਼ ਕਿਉਂ ਨਹੀਂ ਸੁਣਦੀ? ਲੱਗਦਾ ਸੀ ਕਿ ਜਲ੍ਹਿਆਂਵਾਲੇ ਬਾਗ ਦਾ ਉਹ ਸ਼ਹੀਦੀ ਖੂਹ, ਜਿਸ ਵਿੱਚ ਲੋਕ ਆਪਣੀਆਂ ਜਾਨਾਂ ਬਚਾਉਂਦੇ ਜਾ ਡਿੱਗੇ ਸਨ, ਪਿਕਨਿਕ ਸਪਾਟ ਬਣ ਗਿਆ ਹੋਵੇ ਤੇ ਲੋਕ ਇਥੇ ਸਿਰਫ ਫੋਟੋਆਂ ਖਿਚਾਉਣ ਆਏ ਹਨ। ਇਹ ਸਭ ਕੁਝ ਦੇਖ ਕੇ, ਖਾਸ ਕਰਕੇ ਨਵੀਂ ਪੀੜ੍ਹੀ ਦਾ ਇਸ ਅਹਿਸਾਸ ਤੋਂ ਵਿਰਵੇ ਅਤੇ ਸੰਵੇਦਨਹੀਣ ਹੋਣਾ, ਮਹਿਸੂਸ ਕਰਕੇ ਲੇਖਕ ਦੇ ਮਨ ਨੂੰ ਕਾਫੀ ਠੇਸ ਪਹੁੰਚੀ।

ਅੰਮ੍ਰਿਤਸਰ ਹੀ ਨਹੀਂ, ਸਗੋਂ ਸਮੁੱਚੇ ਪੰਜਾਬ ਦੀ ਧਰਤੀ ਹੱਕ, ਸੱਚ, ਨਿਆਂ ਤੇ ਆਜ਼ਾਦੀ ਲਈ ਜੂਝ ਮਰਨ ਵਾਲੇ ਅਨੇਕਾਂ ਸ਼ਹੀਦਾਂ ਦੀਆਂ ਕਈ ਕੌਮੀ ਯਾਦਗਾਰਾਂ, ਸਮਾਧਾਂ, ਸਮਾਰਕਾਂ ਨਾਲ ਭਰੀ ਪਈ ਹੈ। ਸਾਨੂੰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਅਚੇਤ ਜਾਂ ਸੁਚੇਤ ਰੂਪ ਵਿੱਚ ਇਨ੍ਹਾਂ ਦੀ ਸ਼ਹੀਦੀ ਦਾ ਅਪਮਾਨ ਨਾ ਕਰੀਏ। ਸ਼ਹੀਦਾਂ ਦੀਆਂ ਯਾਦਗਾਰਾਂ ਉਤੇ ਸੰਵੇਦਨਸ਼ੀਲ ਹੋ ਕੇ ਸਤਿਕਾਰ ਦੀ ਭਾਵਨਾ ਪ੍ਰਗਟ ਕਰਨੀ ਚਾਹੀਦੀ ਹੈ। ਸ਼ਹੀਦਾਂ ਦੀ ਕੁਰਬਾਨੀ ਦਾ ਸਤਿਕਾਰ ਕਰਨਾ ਹੀ ਸਾਡੀ ਸ਼ਹੀਦਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Sodhi |
| **Marketing Executives** | Priya Sodhi<br>Kamaljeet Kaur |
| **Graphic Designer** | Satnam Singh |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਗੁਆਚੀ ਹੋਈ ਕੰਨਾਂ ਦੀ ਵਾਲ਼ੀ ਮੋੜਨ ਦੀ ਖੁਸ਼ੀ

-ਦਰਸ਼ਨ ਸਿੰਘ 'ਆਸ਼ਟ'-



ਸੱਤਵੀਂ 'ਚ ਪੜ੍ਹਦਾ ਸਾਂ। ਘਰ ਵਿੱਚ ਇਕੋ ਮੱਝ ਰਹਿ ਗਈ ਸੀ ਜਿਸ ਨੂੰ 'ਬਾਹਰਲੇ ਘਰ' ਬੰਨ੍ਹਦੇ ਸਾਂ। ਰਾਤੀਂ ਦਰਵਾਜ਼ੇ ਨੂੰ ਜਿੰਦਾ ਲਾ ਆਉਂਦੇ ਸਾਂ। ਇਕ ਦਿਨ ਸਵੇਰੇ-ਸਵੇਰੇ ਹਲਕੀ-ਹਲਕੀ ਕਿਣਮਿਣ ਹੋ ਕੇ ਹਟੀ ਸੀ। ਬੇਬੇ ਗੋਹੇ ਦਾ ਤਸਲਾ ਰੂੜੀ 'ਤੇ ਸੁੱਟਣ ਜਾ ਰਹੀ ਸੀ। ਚਾਣਚੱਕ ਰਾਹ 'ਚ ਬੇਬੇ ਦੀ ਨਜ਼ਰ ਕਿਸੇ ਚਮਕਦੀ ਚੀਜ਼ 'ਤੇ ਪਈ। ਸ਼ੱਕ ਪਿਆ ਤਾਂ ਹੇਠਾਂ ਬਹਿ ਕੇ ਉਸ ਨੂੰ ਨਹੁੰ ਨਾਲ ਖੁਰਚਿਆ। ਸੋਨੇ ਦੀ ਵਾਲ਼ੀ ਸੀ। ਬੇਬੇ ਨੇ ਮੁੱਠੀ 'ਚ ਲੈ ਲਈ। ਬੇਬੇ ਨੂੰ ਕੁਝ ਯਾਦ ਆਇਆ। ਅਜੇ ਇਕ ਦੋ ਦਿਨ ਪਹਿਲਾਂ ਜਲਵੰਤ ਦੀ ਮਾਂ ਦੇ ਘਰੋਂ ਕੋਈ ਗਹਿਣਾ ਗੁਆਚਣ ਦੀ ਕਾਨਾਫੂਸੀ ਬੇਬੇ ਦੇ ਕੰਨਾਂ ਤੱਕ ਅੱਪੜ ਚੁੱਕੀ ਸੀ।

ਬੇਬੇ ਨੇ ਜਲਵੰਤ ਹੋਰਾਂ ਦਾ ਦਰਵਾਜ਼ਾ ਖੜਕਾਇਆ, ਪਰ ਕਿਸੇ ਨੇ ਦਰਵਾਜ਼ਾ ਨਾ ਖੋਲ੍ਹਿਆ। ਅਸਲ ਵਿੱਚ ਉਨ੍ਹਾਂ ਦਾ ਘਰ ਕਾਫੀ ਲੰਮੀ ਸੀ, ਜਿਸ ਨੂੰ ਅੱਗੇ ਪਿੱਛੇ ਦੋ ਸੜਕਾਂ ਲੱਗਦੀਆਂ ਸਨ। ਦੋ ਦਰਵਾਜ਼ੇ ਸਨ। ਉਨ੍ਹਾਂ ਦੇ ਰਹਿਣ ਵਾਲੇ ਕਮਰੇ ਅਤੇ ਵਰਾਂਡਾ ਵਗੈਰਾ ਪਰਲੇ ਪਾਸੇ ਵਾਲੀ ਸੜਕ ਨਾਲ ਲੱਗਦਾ ਸੀ, ਜਿਸ ਕਰਕੇ ਇੱਧਰਲੇ ਪਾਸਿਓਂ ਦਰਵਾਜ਼ੇ ਨੂੰ ਖੜਕਾਉਣ ਦੀ ਆਵਾਜ਼ ਪਰਲੇ ਪਾਸੇ ਘੱਟ ਸੁਣਦੀ ਸੀ। ਇੱਧਰਲੇ ਪਾਸੇ ਉਹ ਮੱਝਾਂ ਬੰਨ੍ਹਦੇ ਸਨ। ਕਿਸੇ ਵੱਲੋਂ ਦਰਵਾਜ਼ਾ ਨਾ ਖੋਲ੍ਹਣ 'ਤੇ ਬੇਬੇ ਨੇ ਮੁੜ ਤਸਲਾ ਚੁੱਕਿਆ ਅਤੇ ਰੂੜੀ 'ਤੇ ਸੁੱਟਣ ਚੱਲੀ ਗਈ। ਗੁਹਾਰੇ ਰੂੜੀਆਂ ਪਿੰਡੋਂ ਬਾਹਰ ਕੁਝ ਦੂਰ ਸਨ ਖੇੜੀ ਪਿੰਡ ਵਾਲੇ ਰਾਹ 'ਤੇ। ਸਾਡੀ ਰੂੜੀ ਤਾਂ ਸਭ ਤੋਂ ਅਖੀਰ 'ਚ ਸੀ। ਵੀਹ ਪੱਚੀ ਮਿੰਟਾਂ ਬਾਅਦ ਜਦੋਂ ਬੇਬੇ ਗੋਹੇ ਵਾਲਾ ਤਸਲਾ ਸੁੱਟ ਕੇ ਫਿਰ ਜਲਵੰਤ ਹੋਰਾਂ ਦੇ ਘਰ ਕੋਲ ਆਈ ਤਾਂ ਉਨ੍ਹਾਂ ਦੇ ਇੱਧਰਲੇ ਪਾਸੇ ਦੇ ਵੱਡੇ ਦਰਵਾਜ਼ੇ ਖੁੱਲ੍ਹ ਚੁੱਕੇ ਸਨ। ਬੇਬੇ ਅੰਦਰ ਚੱਲੀ ਗਈ। ਉਸ ਨੇ ਜਲਵੰਤ ਦੀ ਮਾਂ ਨੂੰ ਆਵਾਜ਼ ਦਿੱਤੀ। ਉਹ ਬੇਬੇ ਦੀ ਤਕਰੀਬਨ ਹਮ-ਉਮਰ ਹੀ ਸੀ। ਆਵਾਜ਼ ਸੁਣ ਕੇ ਉਹ ਕੋਲ ਆਈ।

ਬੇਬੇ ਨੇ ਉਸ ਨੂੰ ਹੱਥ ਖੋਲ੍ਹਣ ਲਈ ਕਿਹਾ। ਜਦੋਂ ਉਸ ਨੇ ਹੱਥ ਖੋਲ੍ਹਿਆ ਤਾਂ ਬੇਬੇ ਨੇ ਸੋਨੇ ਦੀ ਵਾਲ਼ੀ ਉਹਦੇ ਹੱਥ 'ਤੇ ਰੱਖ ਦਿੱਤੀ। ਜਲਵੰਤ ਦੀ ਮਾਂ ਆਪਣੀ ਨੂੰਹ ਦੀ ਗੁਆਚੀ ਹੋਈ ਵਾਲੀ ਇਕਦਮ ਪਛਾਣ ਗਈ ਤੇ ਕਹਿਣ ਲੱਗੀ, 'ਨੀ ਸੁਰਜੀਤ ਕੁਰੇ, ਇਹ ਵਾਲ਼ੀ ਤੈਨੂੰ ਕਿੱਥੋਂ ਮਿਲੀ ਐ? ਅਸੀਂ ਤਾਂ ਘਰ ਦਾ ਕੋਈ ਖੂੰਜਾ ਨਹੀਂ ਛੱਡਿਆ..? ਰੱਬ ਤੈਨੂੰ ਭਾਗ ਲਾਵੇ।' ਬੇਬੇ ਨੇ ਉਸ ਨੂੰ ਨਾਲ ਲਿਜਾ ਕੇ ਉਹ ਥਾਂ ਦਿਖਾਈ, ਜਿਥੋਂ ਵਾਲ਼ੀ ਕੱਢੀ ਸੀ। ਵਾਲ਼ੀ ਦਾ ਨਿਸ਼ਾਨ ਅਜੇ ਵੀ ਕਾਇਮ ਸੀ। ਅਸਲ 'ਚ ਇਹ ਵਾਲ਼ੀ ਜਲਵੰਤ ਦੀ ਘਰ-ਵਾਲੀ ਦੀ ਸੀ, ਜਿਹੜੀ ਅਜੇ ਕੁਝ ਦਿਨ ਪਹਿਲਾਂ ਉਸ ਘਰ 'ਚ ਵਿਆਹ ਕੇ ਆਈ ਸੀ। ਨ੍ਹੇਰੇ ਸਵੇਰੇ ਘਰ ਦੇ ਬਾਹਰ ਗਲੀ ਸੁੰਬਰਦਿਆਂ ਕਿਸੇ ਵੇਲੇ ਉਹਦੇ ਕੰਨੋਂ ਵਾਲੀ ਡਿੱਗ ਕੇ ਮਿੱਟੀ 'ਚ ਦੱਬੀ ਗਈ ਹੋਵੇਗੀ। ਕੁਝ ਦਿਨਾਂ ਬਾਅਦ ਹੋਈ ਕਿਣਮਿਣ ਨਾਲ ਦਿਖਾਈ ਦੇ ਗਈ। ਨੂੰਹ ਦੀ ਵਾਲ਼ੀ ਗੁਆਚਣ ਦੀ ਚਰਚਾ ਆਂਢ ਗੁਆਂਢ 'ਚ ਕੰਨੀ ਪੈ ਚੁੱਕੀ ਸੀ। ਵਾਲ਼ੀ ਲੱਭ ਜਾਣ ਨਾਲ ਇਕ ਤਾਂ ਘਰਦਿਆਂ ਦਾ ਨੂੰਹ ਪ੍ਰਤੀ ਬਣ ਰਿਹਾ ਸ਼ੱਕ ਦੂਰ ਹੋ ਗਿਆ ਤੇ ਦੂਜਾ ਸੱਚਾਈ ਸਾਹਮਣੇ ਆ ਗਈ।

ਬੇਬੇ ਨੇ ਘਰ ਆ ਕੇ ਇਸ ਗੱਲ ਬਾਰੇ ਸਾਨੂੰ ਦੱਸਿਆ ਤਾਂ ਭੈਣ ਨੂੰ ਗੁੱਸਾ ਚੜ੍ਹਿਆ। ਉਹਨੇ ਕਿਹਾ, 'ਵਾਲ਼ੀ ਚੁੱਪ ਕਰਕੇ ਰੱਖ ਨਹੀਂ ਸੀ ਹੁੰਦੀ।' ਬੇਬੇ ਨੇ ਕਿਹਾ ਕਿ ਜਿਹੜੀ ਖੁਸ਼ੀ ਅਗਲੀ ਦੀ ਚੀਜ਼ ਵਾਪਸ ਕਰਕੇ ਮਿਲਦੀ ਹੈ, ਉਹਨੂੰ ਘਰ ਲਿਆਉਣਾ ਠੀਕ ਨਹੀਂ ਹੁੰਦਾ। ਖੋਟੀ ਨੀਤ ਨੁਕਸਾਨ ਦਾ ਘਰ। ਭੈਣ ਗੁਬਾਰ ਕੱਢਦੀ ਰਹੀ। ਉਹਦੇ ਕੋਲੋਂ ਇਹ 'ਨੁਕਸਾਨ' ਬਰਦਾਸ਼ਤ ਨਹੀਂ ਸੀ ਹੋ ਰਿਹਾ।

ਇਕ ਦਿਨ ਫਿਰ ਤੜਕਸਾਰ ਬੇਬੇ ਬਾਹਰਲੇ ਘਰ ਦੁੱਧ ਚੋਣ ਗਈ ਤਾਂ ਬਾਲਟੀ ਤੇ ਜਿੰਦੇ ਦੀ ਕੁੰਜੀ ਹੱਥ 'ਚ ਈ ਰਹਿ ਗਏ। ਬੇਬੇ ਨੂੰ ਵਿਸ਼ਵਾਸ ਨਹੀਂ ਸੀ ਹੋ ਰਿਹਾ। ਚੋਰਾਂ ਨੇ ਸੱਬਲ ਨਾਲ ਦੇਹਲੀ ਪੁੱਟ ਸੁੱਟੀ ਸੀ ਤੇ ਮੱਝ ਚੋਰੀ ਕਰਕੇ ਲੈ ਗਏ ਸਨ। ਘੱਗੇ ਥਾਣੇ ਜਾ ਕੇ ਰਿਪੋਰਟ ਲਿਖਾਈ ਗਈ। ਕਈ ਦਿਨਾਂ ਤੱਕ ਦਿੜ੍ਹਬੇ, ਸਮੂਰਾਂ-ਦੁਗਾਲ ਵਾਲੇ ਨੇੜੇ ਦੂਰ ਦੇ ਪਿੰਡਾਂ 'ਚ ਵੱਡਿਆਂ ਨਾਲ ਇਧਰ ਉਧਰ ਗੁਆਚੀ ਮੱਢ ਲੱਭਦੇ ਰਹੇ, ਉਹਦੀਆਂ ਸੂਹਾਂ ਲੱਭਦੇ ਰਹੇ। ਜਿਸ ਦਿਨ ਮੱਝ ਗੁਆਚੀ, ਉਸ ਤੋਂ ਅਗਲੇ ਦਿਨ ਜਲਵੰਤ ਦੀ ਮਾਂ ਆਈ ਤੇ ਬੇਬੇ ਨੂੰ ਕਹਿਣ ਲੱਗੀ, 'ਦਿਲ ਹੌਲਾ ਨਾ ਕਰੀਂ, ਜੁਆਕਾਂ ਦੇ ਮੂੰਹੋਂ ਦੁੱਧ ਖੋਹਣ ਵਾਲਿਆਂ ਦੇ ਘਰ ਕਦੇ ਦੀਵੇ ਨ੍ਹੀ ਬਲਦੇ। ਇਕ ਦਿਨ ਮੱਝ ਜ਼ਰੂਰ ਥਿਆਊਗੀ। ਰੱਬ 'ਤੇ ਡੋਰੀ ਰੱਖ। ਕੱਲ੍ਹ ਤੋਂ ਰੋਜ਼ ਮੈਂ ਤੇਰੇ ਜੁਆਕਾਂ ਲਈ ਆਪ ਦੁੱਧ ਦੇਣ ਆਇਆ ਕਰੂੰਗੀ।'

ਇਕ ਮਹੀਨੇ ਪਿੱਛੋਂ ਖਾਨੇ ਵਾਲੋਂ ਮੱਝ ਦਾ ਖੁਰਾ ਖੋਜ ਲੱਭਾ, ਪਰ ਉਦੋਂ ਤੱਕ ਮੱਝ ਦੁੱਧੋਂ ਸੁੱਕ ਚੁੱਕੀ ਸੀ। ਹੱਡੀਆਂ ਨਿਕਲ ਆਈਆਂ ਸਨ। ਮਹੀਨੇ ਬਾਅਦ ਜਦੋਂ ਬੇਬੇ ਜਲਵੰਤ ਦੀ ਮਾਂ ਨੂੰ ਦੁੱਧ ਦੇ ਪੈਸੇ ਦੇਣ ਗਈ ਤਾਂ ਜਲਵੰਤ ਦੀ ਮਾਂ ਨੇ ਅੱਖਾਂ ਭਰ ਲਈਆਂ। ਕਹਿਣ ਲੱਗੀ, 'ਸੁਰਜੀਤ ਕੁਰੇ! ਆਹ ਰੁਪਏ ਮੇਰੇ ਅੱਗੇ ਕਰਕੇ ਕਿਉਂ ਜੁੱਤੀਆਂ ਮਾਰ ਰਹੀ ਐਂ? ਜਿਹੋ ਜਿਹੇ ਤੇਰੇ ਜੁਆਕ, ਉਹ ਜਿਹੇ ਮੇਰੇ। ਨਾਲੇ ਜਦੋਂ ਤੂੰ ਮੇਰੀ ਨੂੰਹ ਦੀ ਵਾਲ਼ੀ ਮੋੜੀ, ਤੂੰ ਕੋਈ ਪੈਸੇ ਲਏ ਸੀ ਭਲਾ? ਉਹ ਵਾਲ਼ੀ ਤੂੰ ਰੱਖ ਵੀ ਸਕਦੀ ਸੀ। ਤੇਰੀ ਇਮਾਨਦਾਰੀ ਤਾਂ ਉਸੇ ਦਿਨ ਮੇਰੇ ਦਿਲ ਵਿੱਚ ਵੱਸ ਗਈ ਸੀ ਜਿੱਦਣ ਤੇਰੀ ਸੁੱਚੀ ਮੁੱਠੀ ਮੇਰੇ ਸਾਹਮਣੇ ਆ ਖੁੱਲ੍ਹੀ ਸੀ।' ਜਲਵੰਤ ਦੀ ਮਾਂ ਨੇ ਸਾਰੇ ਪੈਸੇ ਬੇਬੇ ਦੇ ਹੱਥ 'ਤੇ ਮੁੜ ਧਰ ਕੇ ਮੁੱਠੀ ਬੰਦ ਕਰ ਦਿੱਤੀ।
















# ਲਾਇਬਰੇਰੀ ਨਾਲ ਜੁੜੀ ਅਭੁੱਲ ਯਾਦ

-ਮਾ. ਹਰਬਿੰਦਰ ਮੁੱਲਾਂਪੁਰ



ਅੱਠ ਸਾਲ ਪਹਿਲਾਂ ਮੇਰੀ ਬਦਲੀ ਵਾਹਵਾ ਦੂਰ ਦੇ ਇਕ ਸੈਕੰਡਰੀ ਸਕੂਲ ਵਿੱਚ ਹੋ ਗਈ। ਉਸ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ ਦੇ ਅਨੁਪਾਤ ਮੁਕਾਬਲੇ ਕਮਰਿਆਂ ਦੀ ਗਿਣਤੀ ਵੱਧ ਸੀ। ਸਕੂਲ ਵਿੱਚ ਅਧਿਆਪਕਾਂ ਨਾਲ ਜਾਣ ਪਛਾਣ ਹੋਈ ਤਾਂ ਲਾਇਬਰੇਰੀ ਇੰਚਾਰਜ ਅਧਿਆਪਕ ਮੇਰੀਆਂ ਰੁਚੀਆਂ ਤੋਂ ਜਾਣੂ ਹੋ ਕੇ ਇਸ ਲਈ ਖੁਸ਼ ਹੋਇਆ ਕਿ ਉਹ ਲਾਇਬਰੇਰੀ ਦਾ ਵਾਧੂ ਕਾਰਜ ਭਾਰ ਮਿਲਿਆ ਹੋਣ ਕਾਰਨ ਬੇਚੈਨ ਰਹਿੰਦਾ ਸੀ। ਉਸ ਨੇ ਮੇਰੀਆਂ ਰੁਚੀਆਂ ਬਾਰੇ ਪ੍ਰਿੰਸੀਪਲ ਨੂੰ ਜਾਣਕਾਰੀ ਦਿੰਦਿਆਂ ਉਨ੍ਹਾਂ ਨੂੰ ਲਾਇਬਰੇਰੀ ਦਾ ਕੰਮ ਮੈਨੂੰ ਸੌਂਪਣ ਲਈ ਬੇਨਤੀ ਕੀਤੀ। ਪ੍ਰਿੰਸੀਪਲ ਦੀ ਸਿਫਾਰਸ਼ 'ਤੇ ਨਵੇਂ ਸੈਸ਼ਨ ਤੋਂ ਲਾਇਬਰੇਰੀ ਦਾ ਕੰਮ ਮੈਂ ਭਾਸ਼ਾ ਅਧਿਆਪਕ ਨਾ ਹੋਣ ਦੇ ਬਾਵਜੂਦ ਸਾਂਭ ਲਿਆ। ਰਿਕਾਰਡ ਦਾ ਚਾਰਜ ਲੈਣ ਵੇਲੇ ਮੈਂ ਕਿਤਾਬਾਂ ਦੀ ਗਿਣਤੀ ਵੀ ਨਾ ਕੀਤੀ। ਲਾਇਬਰੇਰੀ ਇੰਚਾਰਜ ਬਣਨ 'ਤੇ ਮੈਨੂੰ ਚਾਅ ਚੜ੍ਹ ਗਿਆ। ਅਲਮਾਰੀਆਂ ਤੱਕ ਜਾਣ ਲਈ ਲੇਡੀਜ਼ ਸਟਾਫ ਰੂਮ ਵੱਲ ਵਾਰ-ਵਾਰ ਜਾਣਾ ਮੈਨੂੰ ਅਜੀਬ ਲੱਗਦਾ ਸੀ। ਮੈਂ ਸਭ ਤੋਂ ਪਹਿਲਾਂ ਲਾਇਬਰੇਰੀ ਨੂੰ ਅਲਮਾਰੀਆਂ ਦੀ ਓਟ ਨਾਲ ਵੱਡੇ ਵੱਖਰੇ ਹਾਲ ਵਿੱਚ ਤਬਦੀਲ ਕੀਤਾ। ਮੈਂ ਆਪ ਰੰਗਦਾਰ ਬੁਰਸ਼ ਨਾਲ ਕਮਰੇ ਦੇ ਬਾਹਰ ਲਾਇਬਰੇਰੀ ਸ਼ਬਦ ਅਤੇ ਅਧਿਆਪਕਾਂ, ਵਿਦਿਆਰਥੀਆਂ, ਕਿਤਾਬਾਂ ਤੇ ਜੀਵਨ ਜਾਚ ਦੇ ਪ੍ਰੇਰਨਾ ਦਾਇਕ ਮਾਟੋ ਆਪਣ ਮਨ ਪਸੰਦ ਲੇਖਕ ਦੀ ਕਿਤਾਬ 'ਮਾਲਾ ਮਣਕੇ' ਵਿੱਚੋਂ ਲਿਖੇ। ਵਿਦਿਆਰਥੀਆਂ ਨੇ ਇਸ ਵਿੱਚ ਮੇਰਾ ਪੂਰਾ ਸਾਥ ਦਿੱਤਾ। ਮੈਂ ਅਲਮਾਰੀਆਂ ਵਿੱਚ ਕਈ ਸਾਲਾਂ ਤੋਂ ਬੰਦ ਪਾਈਆਂ ਸਾਰੀਆਂ ਕਿਤਾਬਾਂ ਨੂੰ ਕੱਢ ਕੇ ਸਕੂਲ ਦੇ ਖੁੱਲ੍ਹੇ ਵਿਹੜੇ ਵਿੱਚ ਧੁੱਪ ਲਵਾਈ। ਜਿਹੜੀਆਂ ਕਿਤਾਬਾਂ ਨੂੰ ਸਿਉਂਕ ਲੱਗ ਚੁੱਕੀ ਸੀ, ਉਨ੍ਹਾਂ ਨੂੰ ਰਿਕਾਰਡ ਵਿੱਚੋਂ ਖਾਰਜ ਕਰਵਾਇਆ। ਰਜਿਸਟਰ ਨੂੰ ਵਧੀਆ ਅਤੇ ਆਪਣੇ ਢੰਗ ਨਾਲ ਤਿਆਰ ਕੀਤਾ ਅਤੇ ਕਿਤਾਬਾਂ ਨੂੰ ਵਿਦਿਆਰਥੀਆਂ ਦੇ ਮਾਨਸਿਕ ਪੱਧਰ ਅਤੇ ਵਿਸ਼ਿਆਂ ਦੇ ਅਨੁਰੂਪ ਵੱਖੋ-ਵੱਖਰੀਆਂ ਅਲਮਾਰੀਆਂ ਵਿੱਚ ਸਲੀਕੇ ਨਾਲ ਟਿਕਾਇਆ। ਮੈਂ ਅਲਮਾਰੀਆਂ ਨੂੰ ਜਿੰਦਰਾ ਲਾਉਣ ਦੀ ਪ੍ਰਵਿਰਤੀ ਬੰਦ ਕਰ ਦਿੱਤੀ ਅਤੇ ਵਿਦਿਆਰਥੀਆਂ ਨੂੰ ਕਿਤਾਬਾਂ ਦੀ ਗਿਆਨ ਸ਼ਕਤੀ ਅਤੇ ਮਹੱਤਤਾ ਪ੍ਰਤੀ ਇੰਨਾ ਪ੍ਰੇਰਿਤ ਕੀਤਾ ਕਿ ਉਹ ਕਿਤਾਬਾਂ ਦੀ ਚੋਰੀ ਹੀ ਨਾ ਕਰ ਸਕਣ।

ਮੈਂ ਵਿਦਿਆਰਥੀਆਂ ਨੂੰ ਕਿਤਾਬਾਂ ਦੀ ਵੰਡ ਖਾਨਾਪੂਰਤੀ ਲਈ ਨਹੀਂ ਕਰਨਾ ਚਾਹੁੰਦਾ ਸੀ, ਇਸ ਲਈ ਸਮੇਂ-ਸਮੇਂ 'ਤੇ ਉਨ੍ਹਾਂ ਨੂੰ ਪੰਜਾਬੀ ਦੇ ਅਖਬਾਰਾਂ ਵਿੱਚ ਛਪਦੇ ਬੱਚਿਆਂ ਦੇ ਕਾਲਮਾਂ ਨਾਲ ਜਾਣ ਪਛਾਣ ਕਰਾਉਂਦਾ ਰਹਿੰਦਾ ਸੀ। ਲਾਇਬਰੇਰੀ ਦੇ ਇਕ ਖੂੰਜੇ ਵਿੱਚ ਮੈਂ ਵਿਦਿਆਰਥੀਆਂ ਵਾਸਤੇ ਛੋਟਾ ਮੇਜ਼ ਰਖਵਾ ਕੇ ਕਹਾਣੀਆਂ, ਗੀਤਾਂ, ਚੁਟਕਲਿਆਂ, ਸਾਖੀਆਂ ਤੇ ਵਰਣਮਾਲਾ ਦੇ ਰਸਾਲੇ ਸ਼ਿੰਗਾਰ ਦਿੱਤੇ। ਵਿਦਿਆਰਥੀਆਂ ਨੂੰ ਤਾਕੀਦ ਕੀਤੀ ਕਿ ਉਹ ਇਮਾਨਦਾਰੀ ਨਾਲ ਮੈਨੂੰ ਸਬੰਧਤ ਕਿਤਾਬ ਲਿਜਾਣ ਬਾਰੇ ਜ਼ਰੂਰ ਦੱਸਣਗੇ। ਹੁਸ਼ਿਆਰ ਤੇ ਸਾਹਿਤਕ ਰੁਚੀਆਂ ਵਾਲੇ ਦੋ ਵਿਦਿਆਰਥੀਆਂ ਨੂੰ ਸਹਾਇਤਾ ਵਾਸਤੇ ਆਪਣੇ ਸਹਾਇਕ ਬਣਾ ਲਿਆ। ਸਟਾਫ ਮੈਂਬਰ ਮੇਰੀਆਂ ਗਤੀਵਿਧੀਆਂ ਵੇਖ ਕੇ ਖੂਬ ਮੁਸਕਰਾਉਂਦੇ ਤੇ ਕਦੇ-ਕਦੇ ਟਿੱਚਰ ਵੀ ਕਰ ਦਿੰਦੇ, ਪਰ ਮੈਂ ਆਪਣਾ ਇਹ ਕੰਮ ਜਾਰੀ ਰੱਖਿਆ। ਇਹ ਜਾਣਨ ਲਈ ਕਿ ਕਿੰਨੇ ਕੁ ਵਿਦਿਆਰਥੀ ਲਾਇਬਰੇਰੀ ਦੀਆਂ ਕਿਤਾਬਾਂ ਪੜ੍ਹਦੇ ਹਨ, ਮੈਂ ਆਪਣੇ ਪੀਰੀਅਡ ਦੌਰਾਨ ਉਸ ਵਿਦਿਆਰਥੀ, ਜਿਸ ਨੇ ਲਾਇਬਰੇਰੀ ਵਿੱਚੋਂ ਕਿਤਾਬ ਜਾਰੀ ਕਰਾਈ ਹੋਵੇ, ਉਸ ਵਿੱਚੋਂ ਕੋਈ ਨਾ ਕੋਈ ਕਹਾਣੀ, ਗੀਤ, ਚੁਟਕਲਾ ਸੁਣਨਾ ਸ਼ੁਰੂ ਕਰ ਦਿੱਤਾ। ਇਸ ਦੇ ਨਤੀਜੇ ਵਜੋਂ ਵਿਦਿਆਰਥੀਆਂ ਵਿੱਚ ਕਿਤਾਬਾਂ ਪੜ੍ਹਨ ਦੀ ਰੁਚੀ ਬਣਨ ਲੱਗੀ।

ਮੈਂ ਚਾਹੁੰਦਾ ਸੀ ਕਿ ਅਗਲੇ ਪੜਾਅ ਵਿੱਚ ਇਨ੍ਹਾਂ ਵਿਦਿਆਰਥੀਆਂ ਦੇ ਰੂਬਰੂ ਕਿਸੇ ਬਾਲ ਕਵੀ, ਸਾਹਿਤਕਾਰ ਨੂੰ ਕਰਵਾਇਆ ਜਾਵੇ। ਇਸ ਸਬੰਧੀ ਸਕੂਲ ਮੁਖੀ ਨਾਲ ਗੱਲ ਸਾਂਝੀ ਕੀਤੀ ਤਾਂ ਉਸ ਨੇ ਅਧਿਆਪਕਾਂ ਉਪਰ ਪਹਿਲਾਂ ਹੀ ਵਿਭਾਗ ਵੱਲੋਂ ਪਾਏ ਵੱਖ-ਵੱਖ ਕੰਮਾਂ ਦੇ ਬੋਝ ਦੀ ਦਲੀਲ ਦਿੰਦਿਆਂ ਹਾਂ ਪੱਖੀ ਹੁੰਗਾਰਾ ਨਾ ਭਰਿਆ। ਮੈਂ ਨਿਰਾਸ਼ ਨਾ ਹੋਇਆ ਤੇ ਵਿਦਿਆਰਥੀਆਂ ਦੀਆਂ ਲਾਇਬਰੇਰੀ ਨਾਲ ਜੁੜੀਆਂ ਗਤੀਵਿਧੀਆਂ ਇਸੇ ਪ੍ਰਕਾਰ ਚੱਲਦੀਆਂ ਰਹੀਆਂ।

ਘਰ ਤੋਂ ਸਕੂਲ ਦਾ ਫਾਸਲਾ ਚੋਖਾ ਹੋਣ ਕਾਰਨ ਮੇਰੀ ਬਦਲੀ ਕਿਸੇ ਹੋਰ ਸਕੂਲ ਹੋ ਗਈ। ਕੋਈ ਅਧਿਆਪਕ ਮੇਰੇ ਕੋਲੋਂ ਲਾਇਬਰੇਰੀ ਚਾਰਜ ਲੈਣ ਦੀ ਹਾਮੀ ਨਹੀਂ ਸੀ ਭਰ ਰਿਹਾ। ਉਨ੍ਹਾਂ ਨੂੰ ਬਿਨਾਂ ਜਿੰਦਰਿਆਂ ਤੋਂ ਅਲਮਾਰੀਆਂ ਵਿੱਚ ਪਈਆਂ ਕਿਤਾਬਾਂ ਦੀ ਗਿਣਤੀ ਘਟਣ ਦਾ ਤੌਖਲਾ ਸੀ। ਅੰਤ ਇਕ ਅਧਿਆਪਕਾ ਨੇ ਲਾਇਬਰੇਰੀ ਦਾ ਚਾਰਜ ਲੈਣ ਤੋਂ ਪਹਿਲਾਂ ਵੱਡੀ ਗਿਣਤੀ ਵਿੱਚ ਪਈਆਂ ਕਿਤਾਬਾਂ ਦੀ ਗਿਣਤੀ ਪੂਰਾ ਇਕ ਹਫਤਾ ਲਾ ਕੇ ਕੀਤੀ। ਗਿਣਤੀ ਵਿੱਚ ਕੋਈ ਖਾਸ ਫਰਕ ਨਾ ਪਿਆ। ਕੋਈ ਮਹਿੰਗੀ ਕਿਤਾਬ ਗੁੰਮ ਜਾਂ ਚੋਰੀ ਨਾ ਹੋਈ। ਜਿਹੜੀਆਂ ਕੁਝ ਕਿਤਾਬਾਂ ਜਾਂ ਰਸਾਲੇ ਗੁੰਮ ਹੋਏ, ਉਨ੍ਹਾਂ ਦੀ ਕੀਮਤ ਪੰਜ ਸੌ ਰੁਪਏ ਤੋਂ ਵੱਧ ਨਹੀਂ ਸੀ। ਵਿਦਿਆਰਥੀਆਂ ਵਿੱਚ ਲਾਇਬਰੇਰੀ ਦੀਆਂ ਕਿਤਾਬਾਂ ਪੜ੍ਹਨ ਦੀ ਰੁਚੀ ਪੈਦਾ ਹੋਣ ਦੀ ਮੈਨੂੰ ਬਹੁਤ ਖੁਸ਼ੀ ਸੀ। ਮੈਨੂੰ ਪੰਜ ਸੌ ਰੁਪਏ ਆਪਣੇ ਖੁਸ਼ੀ ਦੇ ਮੁਕਾਬਲੇ ਨਿਰਮੂਲ ਜਾਪੇ ਜੋ ਮੈਂ ਸਕੂਲ ਫੰਡ ਵਿੱਚ ਜਮ੍ਹਾਂ ਕਰਾ ਦਿੱਤੇ। ਹੁਣ ਮੈਂ ਜਦੋਂ ਕਦੇ ਉਸ ਸਕੂਲ ਜਾਂਦਾ ਹਾਂ ਤਾਂ ਲਾਇਬਰੇਰੀ ਦੀਆਂ ਕੰਧਾਂ ਤੇ ਅਲਮਾਰੀਆਂ ਉਪਰ ਵਿਦਿਆਰਥੀਆਂ ਦੇ ਸਹਿਯੋਗ ਨਾਲ ਲਿਖੇ ਮਾਟੋ ਮੈਨੂੰ ਨਿਵੇਕਲਾ ਜਿਹਾ ਸਕੂਨ ਦਿੰਦੇ ਹਨ।






## ਹਲਕਾ ਫੁਲਕਾ

ਸੁਨੀਲ, ''ਪਿਤਾ ਜੀ, ਪਿਆਰ ਇੱਕ ਵਾਇਰਸ ਹੈ।''

ਪਿਤਾ, ''...ਅਤੇ ਗੇਟ ਦੇ ਪਿੱਛੇ ਰੱਖੀ ਲਾਠੀ ਐਂਟੀ-ਵਾਇਰਸ ਹੈ। ਕਹੇਂ ਤਾਂ ਹੁਣੇ ਤੇਰਾ ਸਿਸਟਮ ਸਕੈਨ ਕਰ ਦਿੰਦਾ ਹਾਂ।''

********

ਪਤੀ ਆਪਣੀ ਪਤਨੀ ਨੂੰ ਕੰਪਿਊਟਰ ਚਲਾਉਣ ਬਾਰੇ ਦੱਸ ਰਿਹਾ ਸੀ।

ਉਹ ਬੋਲਿਆ, ''ਮਾਈ ਕੰਪਿਊਟਰ ਉੱਤੇ ਰਾਈਟ ਕਲਿੱਕ ਕਰ।''

ਪਤਨੀ, ''ਕਰ ਦਿੱਤਾ।''

ਪਤੀ, ''ਫੋਲਡਰ ਖੁੱਲ੍ਹਿਆ?''

ਪਤਨੀ, ''ਹਾਂ ਜੀ, ਖੁੱਲ੍ਹ ਗਿਆ।''

ਪਤੀ, ''ਹੁਣ ਉਪਰ ਦੇਖ, ਕੀ ਨਜ਼ਰ ਆ ਰਿਹਾ ਹੈ?''

ਪਤਨੀ,''ਪੱਖਾ।''

ਪਤੀ ਖਿਝ ਕੇ ਕਹਿਣ ਲੱਗਾ, ''ਹੁਣ ਉਸ ਨਾਲ ਲਟਕ ਜਾ।''

**********

ਪਤਨੀ, ''ਸੱਚ ਸੱਚ ਦੱਸੋ, ਕੰਮ ਵਾਲੀ ਬਾਈ ਨਾਲ ਤੁਹਾਡਾ ਕੀ ਚੱਕਰ ਚੱਲ ਰਿਹਾ ਹੈ?''

ਪਤੀ, ''ਕੀ ਬਕਵਾਸ ਕਰ ਰਹੀ ਏਂ, ਆਖਰ ਹੋਇਆ ਕੀ?''

ਪਤਨੀ, ''ਕੱਲ੍ਹ ਤੱਕ ਉਹ ਮੈਨੂੰ ਮੇਮ ਸਾਹਿਬ ਕਹਿ ਕੇ ਬੁਲਾਉਂਦੀ ਸੀ, ਅੱਜ ਦੀਦੀ ਕਹਿ ਰਹੀ ਹੈ।''

*********

ਰੋਗੀ, ''ਡਾਕਟਰ ਸਾਹਿਬ, ਜਦੋਂ ਮੈਂ ਹੇਠਾਂ ਝੁਕ ਕੇ ਆਪਣਾ ਸੱਜਾ ਅਤੇ ਖੱਬਾ ਪੈਰ ਉਪਰ ਚੁੱਕਦਾ ਹਾਂ ਤਾਂ ਮੈਨੂੰ ਚੱਕਰ ਆਉਣ ਲੱਗਦੇ ਹਨ।''

ਡਾਕਟਰ, ''...ਤਾਂ ਤੁਸੀਂ ਅਜਿਹਾ ਕਰਦੇ ਹੀ ਕਿਉਂ ਹੋ?''

ਰੋਗੀ, ''ਫਿਰ ਮੈਂ ਪੈਂਟ ਕਿਵੇਂ ਪਾਵਾਂਗਾ?''

*********

ਝੰਡੂ ਪ੍ਰਸਾਦ ਦੀ 20 ਲੱਖ ਦੀ ਲਾਟਰੀ ਨਿਕਲੀ ਤਾਂ ਲਾਟਰੀ ਵਾਲੇ ਕੋਲ ਗਿਆ। ਨੰਬਰ ਮਿਲਣ ਤੋਂ ਬਾਅਦ ਲਾਟਰੀ ਵਾਲੇ ਨੇ ਕਿਹਾ, ''ਅਸੀਂ ਤੁਸਾਨੂੰ ਅਜੇ ਇੱਕ ਲੱਖ ਦਿਆਂਗੇ, ਬਾਕੀ ਦੇ 19 ਲੱਖ ਰੁਪਏ 19 ਹਫਤੇ ਤੱਕ ਲੈ ਸਕਦੇ ਹੋ।''

ਝੰਡੂ ਪ੍ਰਸਾਦ, ''ਨਹੀਂ, ਮੈਨੂੰ ਪੂਰੇ ਪੈਸੇ ਚਾਹੀਦੇ ਹਨ, ਨਹੀਂ ਤਾਂ ਤੁਸੀਂ ਆਪਣੀ ਟਿਕਟ ਚੁੱਕੋ ਤੇ ਮੇਰੇ ਪੰਜ ਰੁਪਏ ਵਾਪਸ ਕਰ ਦਿਓ।''


ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com | 647-739-4641
satsahibusa@gmail.com | 346-714-0224



GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure:
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Residential | Commercial | Investment

Jagdish Grewal
Sales Representative

(416) 970-5005




Century 21 President Realty Inc Brokerage Independently Owned and Operated

www.vipcondonetwork.com
27 Armthorpe Rd Brampton #3,
ON L6T 5M4 | Fax : 905-488-2101

Office: 905-488-2100
Ext. 348

# ਹਾਲਾਤ ਦੀ ਸਿਫਤੀ ਤਬਦੀਲੀ ਪਿੱਛੋਂ ਵੀ ਮੋੜਾ ਜ਼ਰੂਰ ਪਵੇਗਾ, ਪਰ ਤੁਰਤ-ਫੁਰਤ ਨਹੀਂ



ਜਤਿੰਦਰ ਪੰਨੂ

ਕਦੇ-ਕਦੇ ਹਕੀਕਤਾਂ ਮਨ ਪਸੰਦ ਨਾ ਹੋਣ ਤਾਂ ਕਈ ਲੋਕਾਂ ਦਾ ਮੰਨਣ ਨੂੰ ਦਿਲ ਨਹੀਂ ਕਰਦਾ। ਫਿਰ ਉਹ ਐਨ ਇਸ ਦੇ ਉਲਟ ਤਸਵੀਰ ਦੀ ਕਲਪਣਾ ਕਰਨ ਅਤੇ ਹਕੀਕਤਾਂ ਨੂੰ ਆਪਣੀ ਪਸੰਦ ਮੁਤਾਬਕ ਢਾਲਣ ਦੇ ਯਤਨ ਵਿੱਚ ਹਾਸੋਹੀਣੀ ਹਾਲਤ ਵਿੱਚ ਫਸ ਜਾਂਦੇ ਹਨ। ਭਾਰਤ ਦੀ ਮੌਜੂਦਾ ਸਿਆਸੀ ਹਕੀਕਤ ਵੀ ਇਹੀ ਹੈ। ਸਮੁੱਚੀ ਤਸਵੀਰ ਬਦਲ ਚੁੱਕੀ ਹੈ ਤੇ ਐਨੀ ਜ਼ਿਆਦਾ ਬਦਲ ਚੁੱਕੀ ਹੈ ਕਿ ਉਸ ਨੂੰ ਝੁਠਲਾਉਣ ਵਾਲੇ ਮਜ਼ਾਕ ਦਾ ਪਾਤਰ ਬਣ ਸਕਦੇ ਹਨ।

ਭਾਰਤ ਦੀ ਪਾਰਲੀਮੈਂਟ ਵਿੱਚ ਕਈ ਵਾਰੀ ਅੱਗੇ ਵੀ ਤਾਕਤਾਂ ਦਾ ਸੰਤੁਲਨ ਵਿਗੜਦਾ ਰਿਹਾ ਸੀ ਤੇ ਉਸ ਦੇ ਬਾਅਦ ਹਰ ਵਾਰ ਇਹ ਆਸ ਕਾਇਮ ਰਹਿੰਦੀ ਸੀ ਕਿ ਵਿਰੋਧ ਦੀਆਂ ਧਿਰਾਂ ਐਨੀਆਂ ਕਮਜ਼ੋਰ ਨਹੀਂ ਹੋਈਆਂ ਕਿ ਮੋੜਾ ਪਾਉਣ ਦੇ ਦਾਅਵੇ ਦਾ ਮਜ਼ਾਕ ਉਡਾਇਆ ਜਾਵੇ। ਇਸ ਵਾਰੀ ਉਨ੍ਹਾਂ ਸਾਰੇ ਵੇਲਿਆਂ ਤੋਂ ਸਥਿਤੀ ਵੱਖਰੀ ਹੈ। ਕਾਰਨ ਭਾਵੇਂ ਕੋਈ ਰਿਹਾ ਹੋਵੇ, ਪਾਰਲੀਮੈਂਟ ਵਿੱਚ ਸੰਤੁਲਨ ਅਸਲੋਂ ਹੀ ਬਦਲਿਆ ਨਜ਼ਰ ਆਉਂਦਾ ਹੈ। ਭਾਜਪਾ ਦੇ ਆਗੂ ਨਰਿੰਦਰ ਮੋਦੀ ਤੇ ਅਮਿਤ ਸ਼ਾਹ ਦੀ ਜੋੜੀ ਦੇਸ਼ ਦੀ ਰਾਜਨੀਤੀ ਵਿੱਚ ਇੱਕ ਦਮ ਵੱਡੇ ਹੁਲਾਰੇ ਨਾਲ ਬਾਕੀ ਸਭ ਧਿਰਾਂ ਦੇ ਲੀਡਰਾਂ ਤੋਂ ਅੱਗੇ ਲੰਘ ਗਈ ਅਤੇ ਆਪਣੀ ਪਾਰਟੀ ਦੇ ਅੰਦਰ ਵੀ ਉਹ ਦੋਵੇਂ ਏਨਾ ਵੱਡਾ ਕੱਦ ਕੱਢ ਗਏ ਹਨ ਕਿ ਉਨ੍ਹਾਂ ਦਾ ਵਿਰੋਧ ਕਰਨ ਵਾਲਾ ਕੋਈ ਨਹੀਂ ਦਿੱਸ ਰਿਹਾ। ਜਿਹੜੇ ਮੁਰਲੀ ਮਨੋਹਰ ਜੋਸ਼ੀ ਨੇ ਕਿਸੇ ਵਕਤ ਸਿੱਧਾ ਵਿਰੋਧ ਕੀਤਾ ਤੇ ਨਰਿੰਦਰ ਮੋਦੀ ਦੀ ਨਾਰਾਜ਼ਗੀ ਸਹੇੜ ਲਈ ਸੀ, ਪੰਜ ਸਾਲ ਪਿੱਛੋਂ ਉਸ ਨੂੰ ਚੁੱਪ ਰਹਿ ਕੇ ਪਾਰਟੀ ਅੰਦਰੋਂ ਵਿਰੋਧ ਦੀ ਅਗਵਾਈ ਕਰਦਾ ਕਿਹਾ ਜਾਂਦਾ ਸੀ, ਉਹ ਅੱਜ ਨਰਿੰਦਰ ਮੋਦੀ ਦੀ ਜਿੱਤ ਦੇ ਸੋਹਲੇ ਗਾ ਰਿਹਾ ਹੈ। ਲਾਲ ਕ੍ਰਿਸ਼ਨ ਅਡਵਾਨੀ ਨੂੰ ਪਿਛਲੀ ਵਾਰੀ ਮਾਰਗ ਦਰਸ਼ਕ ਮੰਡਲ ਵਿੱਚ ਵੀ ਬਿਠਾਇਆ ਸੀ ਤਾਂ ਪਾਰਲੀਮੈਂਟ ਮੈਂਬਰ ਵਜੋਂ ਰਾਜਨੀਤੀ ਨਾਲ ਨੇੜਲੇ ਸੰਬੰਧ ਰੱਖੀ ਜਾਣ ਦਾ ਮੌਕਾ ਉਹ ਵਰਤ ਸਕਦਾ ਸੀ, ਅੱਜ ਉਹ ਵੀ ਮੌਕਾ ਨਹੀਂ ਰਹਿ ਗਿਆ। ਕਿਹਾ ਜਾਂਦਾ ਸੀ ਕਿ ਨਾਗਪੁਰ ਵਾਲੀ ਧਿਰ ਪਾਰਲੀਮੈਂਟ ਚੋਣਾਂ ਪਿੱਛੋਂ ਕਿਸੇ ਤਰ੍ਹਾਂ ਦੀ ਭੁਆਂਟਣੀ ਦੇ ਸਕਦੀ ਹੈ, ਲੱਗਦਾ ਹੈ ਕਿ ਉਸ ਧਿਰ ਨੂੰ ਖੁਦ ਨੂੰ ਭੁਆਂਟਣੀ ਆ ਗਈ ਹੈ।

ਕਾਂਗਰਸ ਪਾਰਟੀ ਇਸ ਵਕਤ ਆਪਣੀ ਵਾਗ ਸੰਭਾਲਣ ਜੋਗਾ ਲੀਡਰ ਲੱਭਣ ਦੀ ਭਟਕਣ ਵਿੱਚ ਉਲਝੀ ਦਿਖਾਈ ਦੇਂਦੀ ਹੈ ਤੇ ਹੋਰ ਪਾਰਟੀਆਂ ਵਿੱਚੋਂ ਕੋਈ ਸਿਰ ਚੁੱਕ ਸਕਣਾ ਜੋਗਾ ਦਿਖਾਈ ਨਹੀਂ ਦੇਂਦਾ। ਇਸ ਦੇ ਬਾਵਜੂਦ ਕਾਂਗਰਸ ਦੇ ਪ੍ਰਧਾਨ ਰਾਹੁਲ ਗਾਂਧੀ ਨੇ ਪਾਰਲੀਮੈਂਟਰੀ ਆਗੂ ਦੀ ਚੋਣ ਵੇਲੇ ਮੀਟਿੰਗ ਵਿੱਚ ਇਹ ਕਹਿ ਦਿੱਤਾ ਹੈ ਕਿ ਬਵੰਜਾ ਵੀ ਹੋਏ ਤਾਂ ਸਾਨੂੰ ਕੋਈ ਚਿੰਤਾ ਨਹੀਂ, ਅਸੀਂ ਇੱਕ-ਇੱਕ ਇੰਚ ਉੱਤੇ ਭਾਜਪਾ ਨਾਲ ਲੜਾਂਗੇ। ਸੁਣਨ ਨੂੰ ਚੰਗਾ ਲੱਗ ਸਕਦਾ ਹੈ, ਇਸ ਦੇ ਬਾਵਜੂਦ ਸਥਿਤੀਆਂ ਇਸ ਦਾਅਵੇ ਦੀ ਹਾਮੀ ਨਹੀਂ ਭਰਦੀਆਂ। ਕਾਂਗਰਸ ਪਾਰਟੀ ਦੀ ਹਾਈ ਕਮਾਨ ਦੇ ਬਹੁਤੇ ਆਗੂ ਏਦਾਂ ਦੇ ਹਨ, ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਭਾਜਪਾ ਦਾ ਇਸ਼ਾਰਾ ਮਿਲਣ ਦੀ ਉਡੀਕ ਤੱਕ ਕਾਂਗਰਸ ਨੂੰ ਵੇਟਿੰਗ ਰੂਮ ਮੰਨ ਕੇ ਬੈਠੇ ਹਨ, ਜਦੋਂ ਉਸ ਪਾਸਿਓਂ ਕੋਈ ਇਸ਼ਾਰਾ ਆ ਗਿਆ, ਜਾਣ ਨੂੰ ਪਲ ਨਹੀਂ ਲਾਉਣਗੇ। ਭਾਜਪਾ ਏਦਾਂ ਦਾ ਸੰਕੇਤ ਇਸ ਲਈ ਨਹੀਂ ਭੇਜ ਰਹੀ ਕਿ ਇਹ ਲੋਕ ਸਿਰਫ ਕੁਰਸੀਆਂ ਦੀ ਰਾਜਨੀਤੀ ਕਰਨ ਵਾਲੇ ਹਨ, ਜਿਨ੍ਹਾਂ ਬਾਰੇ ਪ੍ਰਿੰਅਕਾ ਗਾਂਧੀ ਵੀ ਕਹਿ ਚੁੱਕੀ ਹੈ



ਕਿ ਇਹ ਕਾਂਗਰਸ ਵਿੱਚ ਰਹਿ ਕੇ ਇਸ ਦਾ ਕਤਲ ਕਰਨ ਵਾਲੇ ਹਨ। ਇਨ੍ਹਾਂ ਉੱਤੇ ਰਾਹੁਲ ਗਾਂਧੀ ਏਦਾਂ ਦੀ ਝਾਕ ਅਜੇ ਵੀ ਰੱਖਦਾ ਹੈ ਤਾਂ ਉਹ ਹਕੀਕਤਾਂ ਨੂੰ ਜਾਂ ਤਾਂ ਪਛਾਣਦਾ ਨਹੀਂ, ਜਾਂ ਫਿਰ ਮੰਨਣ ਤੋਂ ਬਚਣਾ ਚਾਹੁੰਦਾ ਹੈ।

ਅਸਲ ਵਿੱਚ ਵੱਡੀ ਲੜਾਈ ਵਿੱਚ ਹਾਰ ਦਾ ਮੁੱਢ ਓਦੋਂ ਹੀ ਬੱਝ ਗਿਆ ਸੀ, ਜਦੋਂ ਰਾਹੁਲ ਗਾਂਧੀ ਦੀ ਦਾਦੀ ਇੰਦਰਾ ਗਾਂਧੀ ਨੇ ਹਰ ਇੱਕ ਧਰਮ ਦੇ ਮੁੱਖ ਅਸਥਾਨਾਂ ਵਿੱਚ ਹਾਜ਼ਰੀ ਲਵਾਉਣ ਤੇ ਰਾਜਨੀਤੀ ਲਈ ਧਰਮ ਨੂੰ ਵਰਤਣ ਵਾਲੀ ਚਾਲ ਸ਼ੁਰੂ ਕੀਤੀ ਸੀ। ਪੰਜਾਬ ਵਿੱਚ ਖੇਡੀ ਗਈ ਇਹੋ ਖੇਡ ਉਸ ਦੀ ਆਪਣੀ ਮੌਤ ਤੇ ਪੰਜਾਬ ਦੇ ਲੰਮੇ ਦੁਖਾਂਤ ਦੇ ਕਈ ਕਾਰਨਾਂ ਵਿੱਚੋਂ ਇੱਕ ਬੜਾ ਵੱਡਾ ਕਾਰਨ ਬਣੀ ਸੀ, ਪਰ ਉਸ ਦੇ ਪੁੱਤਰ ਅਤੇ ਰਾਹੁਲ ਗਾਂਧੀ ਦੇ ਪਿਤਾ ਰਾਜੀਵ ਗਾਂਧੀ ਕੋਲ ਤਜਰਬੇ ਤੋਂ ਸਿੱਖਣ ਦਾ ਮੌਕਾ ਹੋਣ ਦੇ ਬਾਵਜੂਦ ਉਹ ਏਸੇ ਖੇਡ ਵਿੱਚ ਰੁੱਝਾ ਰਿਹਾ ਅਤੇ ਅੰਤ ਨੂੰ ਆਪਣੀ ਜਾਨ ਗਵਾਉਣ ਦੇ ਨਾਲ ਆਪਣੀ ਪਾਰਟੀ ਅੱਗੇ ਏਦਾਂ ਦੇ ਕੰਡੇ ਖਿਲਾਰ ਗਿਆ, ਜਿਹੜੇ ਚੁਗੇ ਨਾ ਜਾ ਸਕਣ। ਰਾਹੁਲ ਗਾਂਧੀ ਤੋਂ ਅਜੇ ਤੱਕ ਉਸ ਵੇਲੇ ਦੇ ਖਿਲਾਰੇ ਹੋਏ ਕੰਡੇ ਨਹੀਂ ਚੁਣੇ ਜਾ ਸਕੇ ਤੇ ਉਸ ਦੀ ਪਾਰਟੀ ਦੇ ਮੌਜੂਦਾ ਲੀਡਰ ਉਸ ਦੇ ਨਾਲ ਤੁਰੇ ਜਾਂਦਿਆਂ ਵੀ ਰਾਹੁਲ ਗਾਂਧੀ ਦੀ ਰਾਜਨੀਤਕ ਪ੍ਰੰਪਰਾ ਦਾ ਅੰਤ ਮੰਗਣ ਵਾਲਿਆਂ ਨਾਲ ਰਲੇ ਹੋਏ ਹਨ। ਉਹ ਔਝੜ ਵਿੱਚ ਫਸਿਆ ਹੈ। ਪਾਰਟੀ ਨੂੰ ਅੱਗੇ ਤੋਰਨਾ ਚਾਹੁੰਦਾ ਹੈ, ਜਿਸ ਦਾ ਮੁੱਖ ਕਾਰਨ ਭਾਵੇਂ ਉਸ ਦੀ ਰਾਜ ਕਰਨ ਦੀ ਇੱਛਾ ਸਮਝ ਪੈਂਦੀ ਹੈ, ਪਰ ਉਹ ਅੱਗੇ ਵੱਲ ਤੋਰਨਾ ਤਾਂ ਚਾਹੁੰਦਾ ਹੈ, ਉਸ ਦੀ ਟੀਮ ਉਸ ਦੇ ਨਾਲ ਨਿਭਣ ਵਾਲੀ ਦਿਖਾਈ ਨਹੀਂ ਦੇ ਰਹੀ।

ਜਿਹੜੀ ਗੱਲ ਕਾਂਗਰਸ ਪਾਰਟੀ ਨੂੰ, ਤੇ ਭਾਜਪਾ ਦੀ ਰਾਜਨੀਤੀ ਪਿੱਛੇ ਦਿਖਾਈ ਦੇਂਦੀ ਭਾਰਤ ਵਿੱਚ ਇੱਕ ਧਰਮ ਦਾ ਰਾਜ ਕਾਇਮ ਕਰਨ ਦੀ ਇੱਛਾ ਨੂੰ ਜਾਨਣ ਵਾਲੀਆਂ ਹੋਰ ਪਾਰਟੀਆਂ ਨੂੰ ਸਮਝਣੀ ਚਾਹੀਦੀ ਹੈ, ਉਹ ਇਹ ਕਿ ਭਾਰਤ ਦੀ ਰਾਜਨੀਤੀ ਇੱਕ ਖਾਸ ਮੋੜ ਮੁੜ ਚੁੱਕੀ ਹੈ। ਬਹੁਤ ਸਾਰੇ ਲੋਕ ਅਜੇ ਤੱਕ ਇਹ ਸੋਚੀ ਬੈਠੇ ਹਨ ਕਿ ਭਾਰਤ ਧਰਮ-ਨਿਰਪੱਖ ਵਿਰਾਸਤ ਵਾਲਾ ਦੇਸ਼ ਹੈ ਅਤੇ ਜਿਵੇਂ ਬੀਤੇ ਸਮੇਂ ਦੇ ਕਈ ਦੌਰਾਂ ਦੇ ਬਾਅਦ ਮੋੜਾ ਕੱਟਦਾ ਰਿਹਾ ਹੈ, ਇਸ ਵਾਰ ਵੀ ਕੱਟ ਲਵੇਗਾ। ਉਨ੍ਹਾਂ ਦੀ ਇਹ ਗੱਲ ਅਸੀਂ ਕੱਟ ਨਹੀਂ ਰਹੇ, ਆਸ ਰੱਖੀ ਜਾ ਸਕਦੀ ਹੈ ਕਿ ਕੱਟ ਲਵੇਗਾ, ਪਰ ਏਹੋ ਜਿਹਾ ਮੋੜਾ ਕੱਟਣ ਦੀ ਆਸ ਬਹੁਤੀ ਛੇਤੀ ਕਰਨੀ ਔਖੀ ਹੈ। ਨਰਿੰਦਰ ਮੋਦੀ ਤੇ ਅਮਿਤ ਸ਼ਾਹ ਜਿਸ ਸੋਚ ਦੀ ਪ੍ਰਤੀਨਿਧਤਾ ਕਰਦੇ ਹਨ, ਉਹ ਸੋਚ ਅੱਜ ਦੇਸ਼ ਦੀ ਗਲੀ-ਗਲੀ ਪਹੁੰਚ ਚੁੱਕੀ ਹੈ ਤੇ ਮੱਧ ਵਰਗੀ ਮਾਨਸਿਕਤਾ ਜਦੋਂ ਕਿਸੇ ਪਾਸੇ ਵੱਲ ਨੂੰ ਇੱਕ ਵਾਰੀ ਉਲਾਰ ਹੋ ਜਾਵੇ, ਉਹ ਛੇਤੀ ਕੀਤੇ ਪਿੱਛੇ ਨਹੀਂ ਮੁੜਦੀ ਹੁੰਦੀ। ਪੱਛਮੀ ਬੰਗਾਲ ਵਿੱਚ ਤੀਹ ਨਾਲੋਂ ਵੱਧ ਸਾਲ ਖੱਬੇ ਪੱਖੀਆਂ ਦਾ ਰਾਜ ਇੱਕ ਸਿਧਾਂਤ ਅਧਾਰਤ ਰਾਜਨੀਤੀ ਵਾਲਾ ਕਿਹਾ ਜਾਂਦਾ ਰਿਹਾ ਸੀ, ਪਰ ਉਸ ਦੇ ਟੁੱਟ ਜਾਣ ਪਿੱਛੋਂ ਉਸ ਨਾਲ ਜੁੜੇ ਮੱਧ ਵਰਗੀ ਮਾਨਸਿਕਤਾ ਵਾਲੇ ਲੋਕ ਪਹਿਲਾਂ ਤ੍ਰਿਣਮੂਲ ਕਾਂਗਰਸ ਵੱਲ ਮੁੜੇ ਸਨ ਅਤੇ ਫਿਰ ਭਾਜਪਾ ਮਗਰ ਲਾਮਬੰਦ ਹੋਏ ਦਿਖਾਈ ਦੇਣ ਲੱਗ ਪਏ ਹਨ। ਬੀਤੇ ਹਫਤੇ ਸੀ ਪੀ ਆਈ ਐੱਮ ਦੇ ਇੱਕ ਵਿਧਾਇਕ ਦਾ ਦਿੱਲੀ ਪਹੁੰਚ ਕੇ ਭਾਜਪਾ ਵਿੱਚ ਸ਼ਾਮਲ ਹੋਣ ਦਾ ਐਲਾਨ ਕਰਨਾ ਏਸੇ ਵਰਤਾਰੇ ਦਾ ਪ੍ਰਤੀਕ ਹੈ। ਪੱਛਮੀ ਬੰਗਾਲ ਵਿੱਚ ਖੱਬੇ ਪੱਖੀਆਂ ਵਾਲੇ ਕਈ ਦਫਤਰ ਪਹਿਲਾਂ ਉਸ ਪਾਰਟੀ ਨੂੰ ਪਤਾ ਲੱਗਣ ਦਿੱਤੇ ਬਿਨਾਂ ਤ੍ਰਿਣਮੂਲ ਕਾਂਗਰਸ ਦੇ ਦਫਤਰਾਂ ਦੇ ਰੂਪ ਧਾਰ ਗਏ ਸਨ ਤੇ ਅੱਜ ਕੱਲ੍ਹ ਉਨ੍ਹਾਂ ਹੀ ਦਫਤਰਾਂ ਅੰਦਰ ਬੈਠੇ ਹੋਏ ਕਈ ਲੋਕ ਅਚਾਨਕ ਤ੍ਰਿਣਮੂਲ ਛੱਡ ਕੇ ਉਨ੍ਹਾਂ ਹੀ ਟਿਕਾਣਿਆਂ ਨੂੰ ਭਾਜਪਾ ਦਫਤਰਾਂ ਦਾ ਰੂਪ ਦੇਣ ਲੱਗ ਪਏ ਹਨ। ਅਸਲ ਵਿੱਚ ਉਹ ਲੋਕ ਕਦੇ ਵੀ ਖੱਬੇ ਪੱਖੀ ਸਿਧਾਂਤ ਵਾਲੇ ਨਹੀਂ ਸਨ ਬਣੇ, ਸਿਰਫ ਸੱਤਾ ਦਾ ਸੁਖ ਮਾਣਨ ਤੇ ਜੁਰਅੱਤ ਦੀ ਜ਼ਿੰਦਗੀ ਜਿਊਣ ਲਈ ਖੱਬੇ ਪੱਖੀਆਂ ਦੇ ਨਾਲ ਸਨ। ਇਸ ਵੇਲੇ ਭਾਜਪਾ ਦੇ ਨੇੜੇ ਜਾ ਰਹੇ ਹਨ ਤਾਂ ਫਿਰ ਕਿਸੇ ਸਿਧਾਂਤਕ ਸੋਚ ਕਾਰਨ ਨਹੀਂ, ਧੱਕੇ ਨਾਲ ਉਸ ਰਾਜ ਉੱਤੇ ਕਬਜ਼ਾ ਕਰਨ ਜੋਗੀ ਹੁੰਦੀ ਜਾਪਦੀ ਧਿਰ ਨਾਲ ਜੁੜ ਰਹੇ ਹਨ। ਇਹੋ ਲੋਕ ਕੁਝ ਸਮਾਂ ਪਾ ਕੇ ਮੋੜਾ ਕੱਟ ਸਕਦੇ ਹਨ, ਪਰ ਏਨੀ ਛੇਤੀ ਨਹੀਂ ਕੱਟਣ ਲੱਗੇ।

ਹਾਲਾਤ ਵਿੱਚ ਆਈ ਹੋਈ ਇਸ ਸਿਫਤੀ ਤਬਦੀਲੀ ਦੇ ਪਿੱਛੋਂ ਰਾਹੁਲ ਗਾਂਧੀ ਦਾ ਇਹ ਕਹਿਣਾ ਕੋਈ ਵੱਡੇ ਅਰਥ ਨਹੀਂ ਰੱਖਦਾ ਕਿ ਉਸ ਦੀ ਪਾਰਟੀ ਬਵੰਜਾ ਪਾਰਲੀਮੈਂਟ ਮੈਂਬਰਾਂ ਨਾਲ ਵੀ ਇੰਚ-ਇੰਚ ਲੜਾਈ ਲੜ ਸਕਦੀ ਹੈ, ਪਰ ਇਸ ਦਾ ਇਹ ਅਰਥ ਵੀ ਨਹੀਂ ਕਿ ਲੜਾਈ ਖਤਮ ਹੋ ਜਾਣੀ ਹੈ। ਵਿਰੋਧ ਹੋਣਾ ਤਾਂ ਯਕੀਨੀ ਹੈ। ਸਵਾਲ ਇਸ ਵਕਤ ਕਿਸੇ ਇੱਕ ਜਾਂ ਦੂਸਰੀ ਪਾਰਟੀ ਦਾ ਨਹੀਂ, ਦੇਸ਼ ਦੀ ਧਰਮ ਨਿਰਪੱਖ ਸੋਚ ਦੀ ਵਿਰਾਸਤ ਸੰਭਾਲਣ ਤੇ ਬਚਾਉਣ ਲਈ ਉਠਦੇ ਸਵਾਲਾਂ ਅਤੇ ਕਿੰਤੂਆਂ ਦਾ ਹੈ। ਵਿਰੋਧ ਦੀ ਖਾਤਰ ਵਿਰੋਧ ਤਾਂ ਸ਼ਿਵ ਸੈਨਾ ਵੀ ਕਰੀ ਜਾਵੇਗੀ। ਭਵਿੱਖ ਦਾ ਮੋੜਾ ਜਿਹੜੇ ਵੀ ਹਾਲਾਤ ਵਿੱਚ ਪਵੇ ਅਤੇ ਜਦੋਂ ਵੀ ਪਵੇ, ਇਸ ਦੇ ਬਾਰੇ ਸੋਚਣਾ ਰੋਸ਼ਨ ਮੱਥੇ ਵਾਲਿਆਂ ਦਾ ਕੰਮ ਹੈ, ਅਤੇ ਉਹ ਸੋਚਣਗੇ ਵੀ।

# ਕੀ ਮੋਦੀ ਭਾਰਤੀਆਂ ਦੇ ਆਰਥਿਕ ਹਾਲਾਤ ਬਿਹਤਰ ਬਣਾਉਣਗੇ

-ਐੱਸ ਐੱਨ ਡੀ ਏਪਾਲਨ-

ਚੋਣਾਂ ਤੋਂ ਬਾਅਦ ਦੀਆਂ ਟਿੱਪਣੀਆਂ ਦੱਸਦੀਆਂ ਹਨ ਕਿ ਨਰਿੰਦਰ ਮੋਦੀ ਇੱਕ ਤਰ੍ਹਾਂ ਦੇ 'ਪੋਲੀਟੀਕਲ ਯੂਨੀਕਾਰਨ' ਹਨ, ਜਿਨ੍ਹਾਂ ਨੇ ਆਰਥਿਕ ਤੇ ਸਿਆਸੀ ਸਫਲਤਾ ਵਿੱਚ ਬਣਾਏ ਲਿੰਕ ਨੂੰ ਲਲਕਾਰਿਆ ਹੈ। 6.6 ਫੀਸਦੀ ਦੀ ਸੁਸਤ ਚਾਲ ਨਾਲ ਚੱਲਦੀ ਅਰਥ ਵਿਵਸਥਾ ਅੱਜ ਤੱਕ ਦੀ ਸਿਖਰ ਹੱਦ ਨੂੰ ਪਹੁੰਚੀ ਬੇਰੋਜ਼ਗਾਰੀ ਤੇ ਖੇਤੀ ਆਮਦਨ ਵਿੱਚ ਲਗਾਤਾਰ ਹੋ ਰਹੀ ਕਮੀ ਦੇ ਬਾਵਜੂਦ ਸਿਆਸੀ ਪੰਡਤਾਂ ਦੀ ਸੋਚ ਤੋਂ ਉਲਟ ਮੋਦੀ ਨੇ ਆਪਣੀ ਪ੍ਰਸਿੱਧੀ ਨੂੰ ਲੈਅ-ਬੱਧ ਕੀਤਾ ਹੈ।



ਭਾਜਪਾ ਅਤੇ ਐੱਨ ਡੀ ਏ ਸਿਰਫ ਜਿੱਤਿਆ ਨਹੀਂ, ਸਗੋਂ ਇਸ ਨੇ 2014 ਵਾਲੀ ਆਪਣੀ ਕਾਰਗੁਜ਼ਾਰੀ ਵੀ ਸੁਧਾਰ ਲਈ ਹੈ। ਸਿਆਸੀ ਵਿਸ਼ਲੇਸ਼ਕਾਂ ਨੇ ਆਪਣੇ ਸਿਰ ਖੁਰਕ ਲਏ ਅਤੇ ਅਰਥ ਸ਼ਾਸਤਰੀ ਵੀ ਮੋਦੀ ਨੂੰ ਮਿਲੇ ਫਤਵੇ ਤੋਂ ਹੈਰਾਨ ਰਹਿ ਗਏ, ਪਰ ਸਾਨੂੰ ਤਿੰਨ ਕਾਰਨਾਂ ਉੱਤੇ ਨਜ਼ਰ ਮਾਰਨੀ ਪਵੇਗੀ।

ਪਹਿਲਾ ਕਾਰਨ ਹੈ ਨੌਜਵਾਨ ਵੋਟਰ। ਭਾਰਤ ਵਿੱਚ 35 ਸਾਲ ਤੋਂ ਘੱਟ ਉਮਰ ਦੇ ਦੋ-ਤਿਹਾਈ ਨੌਜਵਾਨ ਹਨ। ਇਨ੍ਹਾਂ ਚੋਣਾਂ ਵਿੱਚ 15-16 ਮਿਲੀਅਨ ਲੋਕਾਂ ਨੇ ਪਹਿਲੀ ਵਾਰ ਵੋਟ ਪਾਈ ਸੀ। 2014 ਤੋਂ ਬਾਅਦ ਇਸ ਵਾਰ ਦੀਆਂ ਆਮ ਚੋਣਾਂ ਵਿੱਚ 84 ਮਿਲੀਅਨ ਨੌਜਵਾਨ ਵੋਟਰ ਬਣੇ। ਵੋਟ ਪਾਉਣ ਵਾਲਿਆਂ ਵਿੱਚ ਨੌਜਵਾਨ ਵੋਟਰਾਂ ਦਾ ਹਿੱਸਾ ਵੱਧ ਰਿਹਾ। ਸਰਵੇ ਨੇ ਵੀ ਇਹੋ ਦੱਸਿਆ ਕਿ ਨਰਿੰਦਰ ਮੋਦੀ ਨੌਜਵਾਨਾਂ ਵਿੱਚ ਹਰਮਨ ਪਿਆਰੇ ਹਨ। ਇਹ ਨੌਜਵਾਨ ਵਰਗ ਅਜੇ ਸਿਆਸਤ ਦੇ ਮਾਇਆਜਾਲ ਵਿੱਚ ਨਹੀਂ ਫਸਿਆ, ਕਿਉਂਕਿ ਨੌਜਵਾਨਾਂ ਨੇ ਅਜੇ ਸੰਵੇਦਨਸ਼ੀਲ ਸਿਆਸੀ ਨਾਕਾਮੀ ਨੂੰ ਨਹੀਂ ਝੱਲਿਆ। ਨੌਜਵਾਨ ਵਰਗ ਪੂਰੀ ਆਸ ਨਾਲ ਕਾਰਜ ਸ਼ਕਤੀ ਵਿੱਚ ਦਾਖਲ ਹੋ ਰਿਹਾ ਹੈ ਤੇ ਇਸ ਦੇ ਲਈ ਇੱਕ ਮਜ਼ਬੂਤ ਲੀਡਰਸ਼ਿਪ ਵੱਲ ਦੇਖਦਾ ਹੈ, ਪਰ ਪੰਜ 'ਚੋਂ ਇੱਕ ਸ਼ਹਿਰੀ ਮਰਦ ਅਤੇ ਚਾਰ 'ਚੋਂ ਇੱਕ ਸ਼ਹਿਰੀ ਔਰਤ ਨੇ ਅਜੇ ਨੌਕਰੀ ਦੀ ਭਾਲ ਨਹੀਂ ਕੀਤੀ। ਖੇਤੀਬਾੜੀ ਆਮਦਨ ਦੇ ਲਗਾਤਾਰ ਘਟਣ ਕਰ ਕੇ ਇਸ ਨਾਲ ਜੁੜੇ 60-70 ਲੱਖ ਲੋਕ ਖੇਤੀਬਾੜੀ ਧੰਦਾ ਛੱਡ ਕੇ ਹੋਰ ਖੇਤਰਾਂ ਵਿੱਚ ਰੋਜ਼ਗਾਰ ਲੱਭਦੇ ਹਨ। 12-13 ਮਿਲੀਅਨ ਨੌਜਵਾਨ ਭਾਰਤੀ ਹਰ ਸਾਲ ਕਾਰਜ ਸ਼ਕਤੀ ਵਿੱਚ ਦਾਖਲ ਹੁੰਦੇ ਹਨ, ਜਿਨ੍ਹਾਂ ਲਈ ਭਾਰਤ ਨੂੰ ਹਰ ਸਾਲ ਘੱਟੋ-ਘੱਟ 20 ਮਿਲੀਅਨ ਨੌਕਰੀਆਂ ਦੀ ਲੋੜ ਹੈ। ਅਗਲੀਆਂ ਚੋਣਾਂ ਵਿੱਚ ਅੱਸੀ ਤੋਂ 100 ਮਿਲੀਅਨ ਨੌਜਵਾਨ ਅਤੇ ਬੇਰੋਜ਼ਗਾਰ ਵੋਟਰ ਸ਼ਾਮਲ ਹੋਣਗੇ, ਜੋ ਬੇਰੋਜ਼ਗਾਰੀ ਕਾਰਨ ਗੁੱਸੇ ਵਿੱਚ ਹੋਣਗੇ।

ਇਹ ਚੋਣਾਂ ਪੂਰੀ ਤਰ੍ਹਾਂ ਮੋਦੀ ਲੀਡਰਸ਼ਿਪ ਦੇ ਦੁਆਲੇ ਘੁੰਮਦੀਆਂ ਰਹੀਆਂ, ਜਿਸ ਦਾ ਭਾਵ ਹੈ ਕਿ ਜਦੋਂ ਨੌਜਵਾਨ ਵੋਟਰਾਂ ਦਾ ਮੋਹ ਭੰਗ ਹੋਵੇਗਾ ਤਾਂ ਮੋਦੀ ਨੂੰ ਦੋਸ਼ ਦੇਣਗੇ। ਪੰਜ-ਸੱਤ ਸਾਲ ਨੌਕਰੀ ਦੀ ਭਾਲ ਵਿੱਚ ਭਟਕਣ ਵਾਲੇ ਨੌਜਵਾਨ ਆਪਣੇ ਦਾਦੇ-ਪੜਦਾਦੇ ਵਾਂਗ ਸਬਰ ਰੱਖਣ ਵਾਲੇ ਨਹੀਂ ਹਨ।

ਦੂਜੇ ਕਾਰਨ ਉੱਤੇ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਸਿਆਸੀ ਪੰਡਤਾਂ ਨੇ ਧਰਮ ਨਿਰਪੱਖਤਾ ਅਤੇ ਆਰਥਿਕ ਸੁਧਾਰਾਂ ਦੇ ਅੰਤ ਦਾ ਐਲਾਨ ਕਰ ਦਿੱਤਾ ਹੈ। ਉਨ੍ਹਾਂ ਨੂੰ ਪੂਰਾ ਯਕੀਨ ਹੈ ਕਿ ਹਾਲਾਤ ਨਿਰਾਸ਼ਾਜਨਕ ਬਣ ਚੁੱਕੇ ਹਨ ਅਤੇ ਭਾਰਤ ਵਿੱਚ ਨਫਰਤ ਭਰੇ ਕੱਟੜਪੰਥੀਆਂ ਦੀ ਭਰਮਾਰ ਹੈ। ਨੱਬੇ ਫੀਸਦੀ ਯੋਗ ਵੋਟਰਾਂ 'ਚੋਂ 67.11 ਫੀਸਦੀ ਨੇ ਹੀ ਵੋਟ ਪਾਈ, ਜੋ ਅੱਜ ਤੱਕ ਦੀ ਸਭ ਤੋਂ ਉਚੀ ਦਰ ਹੈ। 60 ਲੱਖ ਵੋਟਰਾਂ ਵਿੱਚੋਂ ਭਾਜਪਾ ਦਾ ਵੋਟ ਸ਼ੇਅਰ 37.4 ਫੀਸਦੀ ਰਿਹਾ ਤੇ ਇਸੇ ਕਰ ਕੇ ਮੋਦੀ ਦੀ ਵੱਡੀ ਜਿੱਤ ਹੋਈ। ਇਹ ਕਹਿਣਾ ਠੀਕ ਹੋਵੇਗਾ ਕਿ ਜੇ ਰੋਜ਼ਗਾਰ ਮੁੱਖ ਮੁੱਦਾ ਬਣੇ ਤਾਂ ਨਿੱਜੀ ਵੋਟ ਦੇ ਨੰਬਰ ਮਾਇਨੇ ਰੱਖਦੇ ਹਨ। 1.35 ਅਰਬ ਆਬਾਦੀ ਵਾਲੇ ਦੇਸ਼ ਵਿੱਚ 225 ਮਿਲੀਅਨ ਲੋਕਾਂ ਨੇ ਮੋਦੀ ਨੂੰ ਅਤੇ ਭਾਜਪਾ ਦੇ ਹਿੰਦੂਤਵ ਏਜੰਡੇ ਨੂੰ ਵੋਟ ਪਾਈ। ਕੁਝ ਤਾਂ ਮੋਦੀ ਦੀ ਲੀਡਰਸ਼ਿਪ ਤੋਂ ਪ੍ਰਭਾਵਤ ਸਨ। ਹੋਰਨਾਂ ਨੇ ਵੱਖ-ਵੱਖ ਯੋਜਨਾਵਾਂ, ਜਿਵੇਂ ਬਿਜਲੀ, ਐਲ ਪੀ ਜੀ, ਟਾਇਲੇਟਸ ਆਦਿ ਤੋਂ ਪ੍ਰਭਾਵਤ ਹੋ ਕੇ ਮੋਦੀ ਨੂੰ ਵੋਟ ਪਾਈ। ਜੇ ਅਗਲੀ ਵਾਰ ਬੇਰੋਜ਼ਗਾਰ ਨੌਜਵਾਨਾਂ ਦੀ ਗਿਣਤੀ ਵਧੀ ਤਾਂ ਹਾਕਮ ਪਾਰਟੀ ਦਾ ਚੋਣ ਗਣਿਤ ਆਪਣੇ ਆਪ ਨਾਟਕੀ ਢੰਗ ਨਾਲ ਬਦਲ ਜਾਵੇਗਾ। ਇਸ ਲਈ ਇਹ ਕਹਿਣਾ ਗਲਤ ਹੋਵੇਗਾ ਕਿ ਆਰਥਿਕ ਹਾਲਾਤ ਭਾਰਤੀਆਂ 'ਤੇ ਅਸਰ ਨਹੀਂ ਪਾਉਂਦੇ। ਹਿੰਦੂ ਲਹਿਰ ਕੁਝ ਹੀ ਭਾਰਤੀਆਂ ਤੱਕ ਸੀਮਿਤ ਰਹਿ ਜਾਂਦੀ ਹੈ, ਜੋ ਆਪਣੇ ਆਰਥਿਕ ਹਾਲਾਤ ਕਮਜ਼ੋਰ ਹੋਣ ਦੇ ਬਾਵਜੂਦ ਭਾਜਪਾ ਦੇ ਭਰੋਸੇਮੰਦ ਮੰਨੇ ਜਾਂਦੇ ਹਨ। ਹੋਰਨਾਂ ਲਈ ਆਰਥਿਕ ਹਾਲਾਤ ਮਹੱਤਵ ਰੱਖਦੇ ਹਨ। ਅੱਜ ਦੇ ਬੇਪ੍ਰਵਾਹ ਲੋਕ, ਕੱਲ੍ਹ ਦੇ ਨਾਰਾਜ਼ ਵੋਟਰ ਬਣਨਗੇ ਅਤੇ ਹਿੰਦੂ ਲਹਿਰ ਦੇ ਸ਼ੁਭਚਿੰਤਕ ਜ਼ਿਆਦਾ ਦੇਰ ਤੱਕ ਭਾਜਪਾ ਦੇ ਭਰੋਸੇਮੰਦ ਵੋਟਰ ਨਹੀਂ ਰਹਿਣਗੇ, ਜੇ ਉਨ੍ਹਾਂ ਦਾ ਆਰਥਿਕ ਪੱਧਰ ਉਪਰ ਨਾ ਉਠੇ।

ਤੀਜਾ ਕਾਰਨ ਉਪਰਲੇ ਦਵੋਂ ਕਾਰਨਾਂ ਨਾਲੋਂ ਵੱਖਰਾ ਹੈ। ਮੋਦੀ ਇਤਿਹਾਸ ਦੇ ਪੰਨਿਆਂ ਉਤੇ ਆਪਣਾ ਅਕਸ ਛੱਡ ਜਾਣਗੇ ਤੇ ਉਹ ਇਹ ਗੱਲ ਚੰਗੀ ਤਰ੍ਹਾਂ ਜਾਣਦੇ ਹਨ। ਇਤਿਹਾਸ ਅਜਿਹੇ ਨੇਤਾਵਾਂ ਦੇ ਯੋਗ ਨਹੀਂ ਹੁੰਦਾ, ਜਿਹੜੇ ਆਰਥਿਕ ਤਬਾਹੀ ਲਿਆਉਂਦੇ ਹਨ। 75 ਮਿਲੀਅਨ ਲੋਕ ਅਜੇ ਵੀ ਘੋਰ ਗਰੀਬੀ (1.90 ਡਾਲਰ ਰੋਜ਼ਾਨਾ ਆਮਦਨ ਵਾਲੇ) ਦੇ ਹਨੇਰੇ ਵਿੱਚ ਜੀਅ ਰਹੇ ਹਨ ਤੇ ਭਾਰਤ ਵਰਗੇ ਦੇਸ਼ ਵਿੱਚ 450 ਮਿਲੀਅਨ ਨਾਗਰਿਕਾਂ ਦਾ ਤੀਜਾ ਹਿੱਸਾ 3.20 ਡਾਲਰ ਰੋਜ਼ਾਨਾ ਦੀ ਆਮਦਨ 'ਤੇ ਨਿਰਭਰ ਹੈ। ਪੀ ਵੀ ਨਰਸਿਮਹਾ ਰਾਓ ਲੋਕਾਂ ਦੇ ਇੱਕ ਪਿਆਰੇ ਨੇਤਾ ਸਨ, ਜੋ ਆਰਥਿਕ ਵਿਕਾਸ ਕਾਰਨ ਇਤਿਹਾਸ ਦੇ ਪੰਨਿਆ 'ਚ ਹੀਰੋ ਬਣੇ। ਉਨ੍ਹਾਂ ਨੇ 1991 ਵਿੱਚ ਆਰਥਿਕ ਸੁਧਾਰ ਕੀਤੇ, ਜਿਸ ਨਾਲ ਦੇਸ਼ ਵਿੱਚੋਂ ਗਰੀਬੀ ਦੂਰ ਹੋਈ। ਮੋਦੀ ਕੋਲ ਤਾਂ ਹੋਰ ਵੀ ਬਿਹਤਰ ਮੌਕਾ ਹੈ ਕਿ ਉਹ ਲੱਖਾਂ ਲੋਕਾਂ ਦਾ ਜੀਵਨ ਹੋਰ ਵਧੀਆ ਬਣਾਉਣ ਅਤੇ ਜੇ ਉਹ ਭਾਰਤੀਆਂ ਨੂੰ ਤਰੱਕੀ ਵੱਲ ਲੈ ਜਾਣਗੇ ਤਾਂ ਫਰਿਸ਼ਤਾ ਅਖਵਾਉਣਗੇ।

ਲੰਬੀ ਦੌੜ 'ਚ ਆਰਥਿਕ ਹਾਲਾਤ ਹਮੇਸ਼ਾ ਹੀ ਨਿੱਜੀ ਅਤੇ ਸਮੁੱਚੇ ਲੋਕਾਂ ਦੀ ਕਿਸਮਤ ਤੈਅ ਕਰਦੇ ਹਨ ਅਤੇ ਸਾਡੇ ਪ੍ਰਧਾਨ ਮੰਤਰੀ ਇਹ ਹਮੇਸ਼ਾ ਚੇਤੇ ਰੱਖਣਗੇ ਤੇ ਉਨ੍ਹਾਂ ਦੀ ਲੀਡਰਸ਼ਿਪ 'ਤੇ ਦਿੱਤੇ ਜਾ ਰਹੇ ਲੈਕਚਰ ਨੂੰ ਅਣਡਿੱਠ ਕਰਨਗੇ।

# ਨਿਧੜਕ ਯੋਧਾ ਸ਼ਾਮ ਸਿੰਘ ਅਟਾਰੀ ਵਾਲਾ

-ਅਵਤਾਰ ਸਿੰਘ ਆਨੰਦ


ਮਹਾਰਾਜਾ ਰਣਜੀਤ ਸਿੰਘ ਸਿੰਘ ਦੇ ਰਾਜ ਵਿੱਚ ਜੇ ਸਿੱਖ ਜਰਨੈਲਾਂ ਦੀ ਗਿਣਤੀ ਕੀਤੀ ਜਾਵੇ ਤਾਂ ਸਭ ਤੋਂ ਪਹਿਲਾਂ ਨਾਂ ਜਰਨੈਲ ਸ਼ਾਮ ਸਿੰਘ ਅਟਾਰੀ ਦਾ ਆਉਂਦਾ ਹੈ, ਜਿਸ ਨੇ ਆਪਣੇ ਦਮ ਉਤੇ ਬਹੁਤ ਸਾਰੇ ਮੈਦਾਨ ਸਰ ਕੀਤੇ। ਮੁਲਤਾਨ ਅਤੇ ਕਸ਼ਮੀਰ ਦੀ ਲੜਾਈ ਵਿੱਚ ਸ਼ਾਮ ਸਿੰਘ ਅਟਾਰੀ ਦੀ ਬਹਾਦਰੀ ਤੋਂ ਖੁਸ਼ ਹੋ ਕੇ ਮਹਾਰਾਜਾ ਨੇ ਉਨ੍ਹਾਂ ਨੂੰ ਹੀਰਿਆਂ ਨਾਲ ਜੜੀ ਕਲਗੀ ਇਨਾਮ ਵਜੋਂ ਦਿੱਤੀ ਸੀ।

ਸ਼ਾਮ ਸਿੰਘ ਦਾ ਜਨਮ 1785 ਈ. ਨੂੰ ਨਿਹਾਲ ਸਿੰਘ ਤੇ ਸ਼ਮਸ਼ੇਰ ਕੌਰ ਦੇ ਘਰ ਹੋਇਆ। ਉਨ੍ਹਾਂ ਦੇ ਵੱਡ ਵਡੇਰਿਆਂ ਦਾ ਪਿਛੋਕੜ ਜੈਸਲਮੇਰ ਸੀ। ਇਹ ਪਹਿਲਾਂ ਫੂਲ ਮਹਿਰਾਜ ਦੇ ਪਿੰਡਾਂ ਵਿੱਚ ਆਬਾਦ ਹੋਏ, ਫਿਰ 1735 ਈ. ਨੂੰ ਜਗਰਾਓਂ ਦੇ ਇਲਾਕੇ ਵਿੱਚ ਕਾਉਂਕੇ ਜਾ ਵੱਸੇ। ਉਸ ਤੋਂ ਬਾਅਦ ਇਨ੍ਹਾਂ ਇਕ ਉਦਾਸੀ ਸੰਤ ਮੂਲ ਦਾਸ ਤੋਂ ਅੰਮ੍ਰਿਤਸਰ ਜ਼ਿਲੇ ਦੇ ਇਕ ਪਿੰਡ ਵਿੱਚ ਮੋੜ੍ਹੀ ਰਖਵਾਈ ਅਤੇ ਉਚੀ ਜਗ੍ਹਾ 'ਤੇ ਤਿੰਨ ਮੰਜ਼ਲਾ ਮਕਾਨ ਉਸਾਰ ਕੇ ਇਸ ਦਾ ਨਾਂ 'ਅਟਾਰੀ' ਰੱਖਿਆ। ਸ਼ਾਮ ਸਿੰਘ ਅਟਾਰੀ ਵਾਲੇ ਦੀ ਪੁੱਤਰੀ ਨਾਨਕੀ ਦਾ ਵਿਆਹ ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ ਕੰਵਰ ਨੌਨਿਹਾਲ ਸਿੰਘ ਨਾਲ ਹੋਇਆ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਖਾਲਸਾ ਫੌਜ ਵਿੱਚ ਵਾਪਰਦੀਆਂ ਕੁਝ ਗਲਤ ਘਟਨਾਵਾਂ ਨੂੰ ਵੇਖ ਕੇ ਉਹ ਨੌਕਰੀ ਛੱਡ ਕੇ ਅਟਾਰੀ ਆ ਗਏ।

ਸਿੱਖ ਰਾਜ ਨੂੰ ਹਥਿਆਉਣ ਲਈ ਡੋਗਰਿਆਂ ਨੇ ਫਿਰੰਗੀਆਂ ਨਾਲ ਮਿਲ ਕੇ ਕੋਝੀਆਂ ਹਰਕਤਾਂ ਹੇਠ ਸਿੱਖ ਰਾਜ ਨੂੰ ਕਮਜ਼ੋਰ ਕਰਨਾ ਸ਼ੁਰੂ ਕਰ ਦਿੱਤਾ ਸੀ। ਇਨ੍ਹਾਂ ਸਾਜਿਸ਼ਾਂ ਸਦਕਾ ਸਿੱਖ ਫੌਜਾਂ ਮੁਦਕੀ, ਫੇਰੂ ਸ਼ਹਿਰ, ਬੱਦੋਵਾਲ ਤੇ ਆਲੀਵਾਲ ਦੀਆਂ ਲੜਾਈਆਂ ਹਾਰ ਚੁੱਕੀਆਂ ਸਨ। ਦੂਸਰੇ ਪਾਸੇ ਖਾਲਸਾ ਰਾਜ ਦੇ ਨਮਕ ਹਰਾਮੀ ਵਜ਼ੀਰ ਧਿਆਨ ਸਿੰਘ ਡੋਗਰੇ ਦੀ ਮਾੜੀ ਨੀਤੀ ਸਿੱਖ ਰਾਜ ਦੀ ਪਿੱਠ ਵਿੱਚ ਗਦਾਰੀ ਦਾ ਛੁਰਾ ਮਾਰ ਰਹੀ ਸੀ। ਅਖੀਰ ਜਦੋਂ ਸਿੱਖ ਫੌਜਾਂ ਦੀ ਵਾਗਡੋਰ ਸਾਂਭਣ ਵਾਲਾ ਕੋਈ ਯੋਧਾ ਨਾ ਰਿਹਾ ਤਾਂ ਮਹਾਰਾਣੀ ਜਿੰਦ ਕੌਰ ਨੇ ਸ਼ਾਮ ਸਿੰਘ ਅਟਾਰੀ ਵਾਲੇ ਨੂੰ ਚਿੱਠੀ ਲਿਖ ਕੇ ਫੌਜਾਂ ਦੀ ਵਾਗਡੋਰ ਸਾਂਭਣ ਲਈ ਕਿਹਾ। ਚਿੱਠੀ ਵਿੱਚ ਜਦੋਂ ਸਿੱਖਾਂ ਦੀ ਹਾਰ ਤੇ ਗਦਾਰਾਂ ਦੀ ਗਦਾਰੀ ਬਾਰੇ ਪੜ੍ਹਿਆ ਤਾਂ ਸ਼ਾਮ ਸਿੰਘ ਅਟਾਰੀ ਦਾ ਚਿਹਰਾ ਲਾਲ ਹੋ ਗਿਆ। ਮਾਝੇ ਦੇ ਪਿੰਡਾਂ ਤੋਂ ਹੋਰ ਸਿੰਘ ਨਾਲ ਲੈ ਕੇ ਉਨ੍ਹਾਂ ਅਟਾਰੀ ਤੋਂ ਅਰਦਾਸ ਕੀਤੀ ਕਿ ਜਾਂ ਉਹ ਰਣ ਮੈਦਾਨ ਵਿੱਚ ਜਿੱਤ ਕੇ ਆਵੇਗਾ ਜਾਂ ਸ਼ਹੀਦੀ ਪਾਵੇਗਾ।

ਦਰਦ ਭਰੀ ਚਿੱਠੀ ਪੜ੍ਹ ਕੇ ਸ਼ਾਮ ਸਿੰਘ ਅਟਾਰੀ ਵਾਲੇ ਨੇ ਪਰਵਾਰ ਨੂੰ ਫਤਹਿ ਬੁਲਾ ਕੇ ਘੋੜੇ ਦੀਆਂ ਵਾਗਾਂ ਖਿੱਚੀਆਂ ਅਤੇ ਸਭਰਾਵਾਂ ਨੇੜੇ ਮੈਦਾਨ-ਏ-ਜੰਗ ਵਿੱਚ ਪਹੁੰਚ ਕੇ ਲੜਾਈ ਦੀ ਆਖਰੀ ਰਣਨੀਤੀ ਘੜਨੀ ਸ਼ੁਰੂ ਕਰ ਦਿੱਤੀ। ਭਾਵੇਂ ਆਪਣਿਆਂ ਦੇ ਧੋਖਿਆਂ ਕਰਕੇ ਸਿੱਖ ਰਾਜ ਦੀ ਜਿੱਤ ਦਾ ਕੋਈ ਰਸਤਾ ਨਜ਼ਰ ਨਹੀਂ ਸੀ ਆ ਰਿਹਾ, ਫਿਰ ਵੀ ਖਾਲਸਾ ਫੌਜ ਆਪਣੀ ਆਨ ਸ਼ਾਨ ਤੇ ਦੇਸ਼ ਦੀ ਆਜ਼ਾਦੀ ਲਈ ਮਰ ਮਿਟਣ ਨੂੰ ਤਿਆਰ ਸੀ। ਆਖਰ ਸਿਰ ਧੜ ਦੀ ਬਾਜ਼ੀ ਜਿੱਤਣ ਲਈ ਸਭਰਾਵਾਂ ਦੇ ਮੈਦਾਨ ਵਿੱਚ ਜੂਝਣ ਲਈ ਦੋਵੇਂ ਫੌਜਾਂ ਇਕ ਦੂਸਰੇ ਦੇ ਸਾਹਮਣੇ ਆ ਗਈਆਂ। ਸਮਾਂ ਬਹੁਤ ਭਿਆਨਕ ਸੀ। ਭਾਵੇਂ ਖਾਲਸਾ ਫੌਜਾਂ ਨੇ ਦਿਲ ਨਹੀਂ ਛੱਡਿਆ, ਪਰ ਪਹਿਲੀਆਂ ਹਾਰਾਂ ਨੇ ਫੌਜਾਂ ਦਾ ਲੱਕ ਤੋੜ ਛੱਡਿਆ ਸੀ।

ਸਰਦੀ ਦਾ ਮੌਸਮ ਸੀ। 10 ਫਰਵਰੀ 1846 ਨੂੰ ਸ਼ਾਮ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਅਰਦਾਸ ਕੀਤੀ।



ਖਾਲਸਾ ਫੌਜ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨੇ ਆਪਣੇ ਗੁਰੂਆਂ, ਕੌਮੀ ਸ਼ਹੀਦਾਂ, ਮੁਰੀਦਾਂ ਤੇ ਪੁਰਖਿਆਂ ਦੀਆਂ ਕੁਰਬਾਨੀਆਂ ਤੇ ਕਾਰਨਾਮਿਆਂ ਦੀ ਯਾਦ ਤਾਜ਼ਾ ਕਰਵਾਈ। ਸਭਰਾਉਂ (ਜ਼ਿਲਾ ਫਿਰੋਜ਼ਪੁਰ, ਨੇੜੇ ਕਸਬਾ ਮਖੂ) ਦੇ ਮੈਦਾਨ-ਏ-ਜੰਗ ਵਿੱਚ ਅੰਗਰੇਜ਼ ਤੇ ਖਾਲਸਾ ਫੌਜਾਂ ਦੀ ਆਰ-ਪਾਰ ਦੀ ਗਹਿਗੱਚ ਜੰਗ ਸ਼ੁਰੂ ਹੋ ਗਈ। ਦੋਵੇਂ ਬਾਦਸ਼ਾਹੀ ਫੌਜਾਂ ਭਾਰੀਆਂ ਸਨ, ਪਰ ਸਿੰਘਾਂ ਦੇ ਜੋਸ਼ ਅੱਗੇ ਫਿਰੰਗੀਆਂ ਦੇ ਪੈਰ ਖਿਸਕ ਰਹੇ ਸਨ। ਖੂਬ ਗੋਲੀਆਂ ਚੱਲੀਆਂ ਅਤੇ ਖੰਡੇ ਖੜਕੇ। ਸਿੰਘਾਂ ਨੇ ਆਪਣੀ ਰਵਾਇਤ ਕਾਇਮ ਰੱਖਦੇ ਹੋਏ ਇਕ ਵਾਰ ਫਿਰ ਬਹਾਦਰੀ, ਜਜ਼ਬੇ ਅਤੇ ਸੂਰਬੀਰਤਾ ਦੀ ਮਿਸਾਲ ਕਾਇਮ ਕੀਤੀ ਅਤੇ ਵੈਰੀਆਂ ਨੂੰ ਹੱਥਾਂ ਪੈਰਾਂ ਦੀ ਪਾ ਦਿੱਤੀ।

ਸਿੱਖ ਫੌਜ ਜਿੱਤਦੀ-ਜਿੱਤਦੀ ਗਦਾਰ ਆਗੂਆਂ ਕਰਕੇ ਮਾਰ ਖਾ ਗਈ। ਸਭਰਾਵਾਂ ਦੀ ਜੰਗ ਵਿੱਚ ਜਦੋਂ ਸਿੱਖ ਫੌਜਾਂ ਜੰਗ ਛੱਡ ਕੇ ਭੱਜਣ ਨੂੰ ਤਿਆਰ ਸਨ ਤਾਂ ਸ਼ਾਮ ਸਿੰਘ ਅਟਾਰੀ ਵਾਲਾ ਨੇ ਮੌਕੇ 'ਤੇ ਆ ਕੇ ਜੰਗ ਦਾ ਰੁਖ ਹੀ ਬਦਲ ਦਿੱਤਾ। ਸਿੱਖ ਹਾਰਦੇ-ਹਾਰਦੇ ਮੁੜ ਜਿੱਤਣ ਲੱਗੇ। ਦੇਖਦੇ ਹੀ ਦੇਖਦੇ ਸਿੱਖ ਫੌਜਾਂ ਨੇ ਗੋਰਿਆਂ ਦੇ ਸੱਥਰ ਵਿਛਾ ਦਿੱਤੇ। ਅੰਗਰੇਜ਼ ਫੌਜ ਦੇ ਜਰਨਲ ਸਮੇਤ ਉਸ ਦੀ ਫੌਜ ਜੰਗ ਛੱਡ ਕੇ ਜਾਨ ਬਚਾਉਣ ਲਈ ਭੱਜਣ ਲੱਗੀ। ਕਈ ਜ਼ਰੂਰੀ ਕਾਗਜ਼ ਸਾੜ ਕੇ ਸੁਆਹ ਕਰ ਦਿੱਤੇ। ਉਸ ਵੇਲੇ ਖਾਲਸਾ ਫੌਜਾਂ ਦੀ ਬਹਾਦਰੀ ਵੇਖ ਕੇ ਮੁਸਲਮਾਨ ਸ਼ਾਇਰ ਸ਼ਾਹ ਮੁਹੰਮਦ ਨੇ ਲਿਖਿਆ:

ਆਈਆਂ ਪਲਟਣਾਂ ਬੀੜ ਕੇ ਤੋਪਖਾਨੇ,
ਅੱਗੋਂ ਸਿੰਘਾਂ ਨੇ ਪਾਸੜੇ ਤੋੜ ਸੁੱਟੇ।
ਮੇਵਾ ਸਿੰਘ ਤੇ ਮਾਖੇ ਖਾਂ ਹੋਏ ਸਿੱਧੇ,
ਹੱਲੇ ਤਿੰਨ ਫਰੰਗੀਆਂ ਦੇ ਮੋੜ ਸੁੱਟੇ।
ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ,
ਬੰਨ੍ਹ ਸ਼ਸਤਰੀਂ ਜੋੜ ਵਿਛੋੜ ਸੁੱਟੇ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,
ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।

ਭਾਵੇਂ ਜਰਨੈਲ ਸ਼ਾਮ ਸਿੰਘ ਅਟਾਰੀ ਵਾਲੇ ਨੇ ਸਭਰਾਵਾਂ ਦੇ ਮੈਦਾਨ ਵਿੱਚ ਅੰਗਰੇਜ਼ਾਂ ਨੂੰ ਪਿੱਛੇ ਭੱਜਣ ਲਈ ਮਜਬੂਰ ਕਰ ਦਿੱਤਾ, ਪਰ ਗਦਾਰ ਜਰਨੈਲਾਂ ਨੇ ਜਦੋਂ ਤੋਪਾਂ ਵਿੱਚ ਪੈਣ ਵਾਲੇ ਬਾਰੂਦ ਦੀ ਜਗ੍ਹਾ ਸਰੋਂ ਦੀਆਂ ਬਰੀਆਂ ਭੇਜ ਦਿੱਤੀਆਂ ਤੇ ਭੱਜਦੇ ਅੰਗਰੇਜ਼ਾਂ ਨੂੰ ਸੁਨੇਹਾ ਦੇ ਦਿੱਤਾ ਕਿ ਸਿੱਖਾਂ ਕੋਲ ਲੜਨ ਵਾਸਤੇ ਬਾਰੂਦ ਨਹੀਂ ਤਾਂ ਅੰਗਰੇਜ਼ਾਂ ਨੇ ਦੁਬਾਰਾ ਹੱਲਾ ਬੋਲ ਦਿੱਤਾ। ਸਿੱਖਾਂ ਨੇ ਮੈਦਾਨ ਨਹੀਂ ਛੱਡਿਆ ਤੇ ਲੜਦਿਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ। ਗਦਾਰਾਂ ਨੇ ਦਰਿਆ 'ਤੇ ਬਣਿਆ ਪੁਲ ਵੀ ਤੋੜ ਦਿੱਤਾ। ਅਖੀਰ 10 ਫਰਵਰੀ 1846 ਦੀ ਸ਼ਾਮ ਨੂੰ ਉਧਰ ਸੂਰਜ ਡੁੱਬ ਗਿਆ, ਇੱਧਰ ਸਿੱਖ ਰਾਜ ਦਾ ਆਖਰੀ ਥੰਮ੍ਹ ਸ਼ਾਮ ਸਿੰਘ ਅਟਾਰੀ ਵਾਲਾ ਹਿੱਕ ਉੱਤੇ ਸੱਤ ਗੋਲੀਆਂ ਖਾ ਕੇ ਡਿੱਗ ਪਿਆ ਤੇ ਸ਼ਹੀਦੀ ਪ੍ਰਾਪਤ ਕਰ ਗਿਆ। ਪਤੀ ਦੀ ਮੌਤ ਦੀ ਖਬਰ ਸੁਣਦਿਆਂ ਹੀ ਸ਼ਾਮ ਸਿੰਘ ਅਟਾਰੀ ਵਾਲਿਆਂ ਦੀ ਪਤਨੀ ਮਾਈ ਦੇਸ਼ਾਂ ਨੇ 10 ਫਰਵਰੀ 1846 ਵਾਲੇ ਦਿਨ ਹੀ ਆਪਣੇ ਪ੍ਰਾਣ ਤਿਆਗ ਦਿੱਤੇ। ਸ਼ਹੀਦ ਸ਼ਾਮ ਸਿੰਘ ਹੁਰਾਂ ਦਾ ਸਸਕਾਰ 12 ਫਰਵਰੀ ਨੂੰ ਪਿੰਡ ਅਟਾਰੀ ਵਿੱਚ ਉਨ੍ਹਾਂ ਦੀ ਪਤਨੀ ਦੀ ਚਿਖਾ ਨੇੜੇ ਹੀ ਕੀਤਾ ਗਿਆ ਸੀ।

# ਮਾਇਆ ਦਾ ਜਾਲ..

-ਅਜੀਤ ਕਮਲ-

ਜ਼ਿੰਦਗੀ ਵਿੱਚ ਬਹੁਤ ਅਜਿਹੇ ਮੌਕੇ ਆਏ, ਜਦੋਂ ਅਣਕਿਆਸੇ ਖਰਚੇ ਸਿਰ ਪੈ ਗਏ। ਪਹਿਲਾਂ ਦਫਤਰ ਦੁਪਹਿਰ ਦੀ ਰੋਟੀ ਨਾਲ ਨਹੀਂ ਲਿਜਾਂਦਾ ਸਾਂ। ਰੋਜ਼ ਦੁਪਹਿਰੇ ਦਫਤਰ ਕੁਲਚੇ ਛੋਲੇ ਵਾਲਾ ਆ ਜਾਂਦਾ ਤੇ ਦੋ ਰੁਪਏ ਪਲੇਟ ਨਾਲ ਦੁਪਹਿਰ ਦਾ ਡੰਗ ਟੱਪ ਜਾਂਦਾ ਸੀ। ਉਂਜ ਸਿਰਫ ਦੋ ਰੁਪਏ ਵਿੱਚ ਗੁਜ਼ਾਰਾ ਨਹੀਂ ਸੀ ਹੁੰਦਾ। ਜਦੋਂ ਵੀ ਦੁਪਹਿਰੇ ਕੁਲਚੇ ਛੋਲੇ ਵਾਲੇ ਤੋਂ ਪਲੇਟ ਮੰਗਵਾਉਣੀ ਤਾਂ ਦਫਤਰ ਦਾ ਸੇਵਾਦਾਰ ਸੁਪਰਡੰਟ ਨੂੰ ਦੱਸ ਦਿੰਦਾ ਤੇ ਐਨ ਮੌਕੇ ਉਤੇ ਸੁਪਰਡੰਟ ਆ ਜਾਂਦਾ। ਰੀਸੋ ਰੀਸੇ ਇਕ ਅੱਧਾ ਹੋਰ ਸਹਿਯੋਗੀ ਉਥੇ ਆ ਨਿਕਲਦਾ। ਇਸ ਲਈ ਮੈਂ ਦੁਪਹਿਰ ਦੀ ਘਰੋਂ ਰੋਟੀ ਲਿਆਉਣੀ ਠੀਕ ਸਮਝੀ। ਇੰਜ ਹੀ ਹਰ ਸ਼ਨਿੱਚਰਵਾਰ ਦਫਤਰ ਦਾ ਸੁਪਰਡੰਟ ਤੇ ਮੈਂ ਦਫਤਰ ਆ ਜਾਂਦੇ, ਰਹਿੰਦਾ ਕੰਮ ਨਿਬੇੜਦੇ ਤੇ ਬਾਅਦ ਦੁਪਹਿਰ ਘਰਾਂ ਨੂੰ ਚਲੇ ਜਾਂਦੇ। ਇਕ ਸ਼ਨਿੱਚਰਵਾਰ ਕੰਮ ਛੇਤੀ ਮੁਕਾ ਕੇ ਅਸੀਂ ਘਰ ਨੂੰ ਚੱਲ ਪਏ। ਹਰ ਸ਼ਨਿੱਚਰਵਾਰ ਮੈਂ ਅਕਸਰ ਸਿਨਮਾ ਰੋਡ (ਬਟਾਲਾ) ਉਤੇ ਬਾਜਵਾ ਫੋਟੋਜ਼ ਦੀ ਦੁਕਾਨ 'ਤੇ ਜਾਂਦਾ ਸਾਂ। ਉਥੇ ਕਈ ਸਾਹਿਤਕਾਰ ਵੀ ਮਿਲ ਪੈਂਦੇ। ਰਸਤੇ ਵਿੱਚ ਜੈਲ ਘਰ ਅੱਗੇ ਭਟੂਰਿਆਂ ਦੀ ਰੇੜ੍ਹੀ ਲੱਗਦੀ ਸੀ। ਜਾਂਦਿਆਂ ਉਥੋਂ ਦੋ ਰੁਪਏ ਦੇ ਦੋ ਭਠੂਰੇ ਖਾ ਕੇ ਮੁੜ ਬਾਜਵੇ ਦੀ ਦੁਕਾਨ 'ਤੇ ਚਲੇ ਜਾਣਾ, ਜਿਥੋਂ ਰਾਤ ਪਏ ਘਰ ਨੂੰ ਮੁੜੀਦਾ ਸੀ। ਉਸ ਦਿਨ ਡੇਰਾ ਰੋਡ ਫਾਟਕ 'ਤੇ ਜਾਣ 'ਤੇ ਮਨ ਵਿੱਚ ਆਇਆ ਕਿ ਦੁਪਹਿਰ ਦਾ ਵੇਲਾ ਹੈ, ਘਰੋਂ ਹੁੰਦੇ ਜਾਂਦੇ ਹਾਂ। ਗਰਮ-ਗਰਮ ਰੋਟੀ ਪੱਕਦੀ ਹੋਣੀ ਏ, ਉਹ ਖਾ ਕੇ ਬਾਜਵਾ ਜੀ ਕੋਲ ਚਲੇ ਜਾਵਾਂਗਾ। ਡੇਰਾ ਰੋਡ ਦੇ ਫਾਟਕ ਤੋਂ ਖੱਬੇ ਪਾਸੇ ਚੰਦਰ ਨਗਰ ਮੁਹੱਲੇ ਵਿੱਚ ਮੇਰਾ ਘਰ। ਸਾਈਕਲ ਘਰ ਵੱਲ ਮੋੜ ਲਿਆ। ਸਾਈਕਲ ਘਰ ਦੇ ਬਾਹਰ ਖੜਾ ਰਹਿਣ ਦਿੱਤਾ। ਅੰਦਰ ਵੜਦਿਆਂ ਹੀ ਬਾਹਰਲੀ ਬੈਠਕ ਵਿੱਚੋਂ ਗੱਲਾਂ ਕਰਦਿਆਂ ਦੀ ਆਵਾਜ਼ ਸੁਣਾਈ ਦਿੱਤੀ। ਝਾਤੀ ਮਾਰੀ ਤਾਂ ਆਪਣੇ ਹੀ ਪ੍ਰਾਹੁਣੇ ਨਿਕਲੇ। ਇਕ ਮੇਰਾ ਭਣੋਈਆ ਅਤੇ ਦੂਜਾ ਉਸ ਦਾ ਵੱਡਾ ਭਰਾ ਸੀ, ਜਿਸ ਨਾਲ ਭੈਣ ਦੇ ਵਿਆਹ ਸਮੇਂ ਮੇਰੀ ਮਿਲਣੀ ਹੋਈ ਸੀ। ਉਹ ਚਾਹ ਪੀ ਰਹੇ ਸਨ।

ਗੱਲਬਾਤ ਦੌਰਾਨ ਉਨ੍ਹਾਂ ਦੱਸਿਆ ਕਿ ਧਾਰੀਵਾਲ ਤੋਂ ਹੋ ਕੇ ਆਏ ਹਨ। ਧਾਰੀਵਾਲ ਭਣੋਈਏ ਦੇ ਵੱਡੇ ਭਰਾ ਦੇ ਸਹੁਰੇ ਹਨ ਤੇ ਉਨ੍ਹਾਂ ਦੀ ਭੂਆ ਵੀ ਉਥੇ ਵਿਆਹੀ ਹੋਈ ਹੈ। ਆਪ ਉਹ ਲੁਧਿਆਣੇ ਰਹਿੰਦਾ ਹੈ। ਭੈਣ ਦੇ ਵਿਆਹ ਤੋਂ ਬਾਅਦ ਅੱਜ ਕਈ ਸਾਲਾਂ ਬਾਅਦ ਉਸ ਦੇ ਦਰਸ਼ਨ ਹੋਏ ਸਨ। ਪ੍ਰਾਹੁਣਚਾਰੀ ਦੀ ਰਸਮ ਵਿੱਚ ਮੈਂ ਕਹਿ ਬੈਠਾ, 'ਬੜੇ ਚਿਰਾਂ ਬਾਅਦ ਆਏ ਹੋ, ਰਾਤ ਰਹੋ।' ਉਹ ਝੱਟ ਕਹਿਣ ਲੱਗੇ, 'ਜੇ ਤੁਸੀਂ ਨਾ ਮਿਲਦੇ ਤਾਂ ਚਲੇ ਜਾਣਾ ਸੀ, ਕਹਿੰਦੇ ਹੋ ਤਾਂ ਰਹਿ ਪੈਂਦੇ ਹਾਂ।' ਇਸ ਦੇ ਨਾਲ ਪ੍ਰਾਹਣਿਆਂ ਦੇ ਰਾਤ ਦੇ ਖਾਣ ਪੀਣ ਦਾ ਫਿਕਰ ਪੈ ਗਿਆ। ਭਾਵੇਂ ਸਰਕਾਰੀ ਨੌਕਰੀ ਕਰਦਾ ਸਾਂ, ਪਰਵਾਰ ਵੱਡਾ ਹੋਣ ਕਰਕੇ ਅਤੇ ਹਰ ਹਫਤੇ ਕਿਸੇ ਨਾ ਕਿਸੇ ਪ੍ਰਾਹੁਣੇ ਦੀ ਆਮਦ ਨਾਲ ਬਜਟ ਡੋਲਿਆ ਹੁੰਦਾ ਸੀ। ਦਫਤਰ ਹੁੰਦਾ ਤਾਂ ਕਿਸੇ ਤੋਂ ਉਧਾਰੇ ਮੰਗ ਲੈਣੇ ਸੀ। ਪਿਤਾ ਜੀ ਦੁਕਾਨ ਕਰਦੇ ਸਨ, ਪਰ ਉਨ੍ਹਾਂ ਤੋਂ ਪੈਸੇ ਕਦੇ ਮੰਗੇ ਨਹੀਂ ਸਨ। ਜੇਬ ਵਿੱਚ ਪੂਰੇ ਸੌ ਵੀ ਨਹੀਂ ਸਨ। ਤੁਰੰਤ ਸੋਚ ਦੁੜਾਈ। ਸਿੰਬਲ ਚੌਕ ਵਿੱਚ ਜਿਊਲ ਇੰਜੀਨੀਅਰਿੰਗ ਵਰਕਸ ਦੇ ਸਾਹਮਣੇ ਫਲਾਂ ਦੀ ਰੇਹੜੀ ਲਾਉਂਦੇ ਕਿਸ਼ਨ ਸਿੰਘ ਨਾਲ ਵਾਕਫੀਅਤ ਸੀ। ਝੱਟ ਉਸ ਕੋਲ ਗਿਆ ਤੇ ਬੋਤਲ ਲਿਆ ਕੇ ਦੇਣ ਲਈ ਕਿਹਾ, ਜਿਹੜੀ 155 ਰੁਪਏ ਦੀ ਆਈ। ਸਬਜ਼ੀ ਮੈਂ ਆਪਣੇ ਕੋਲੋਂ ਲੈ ਲਈ। ਪ੍ਰਾਹੁਣੇ ਸਵੇਰੇ ਖੁਸ਼ੀ-ਖੁਸ਼ੀ ਵਾਪਸ ਚਲੇ ਗਏ। ਮਨ ਹੀ ਮਨ ਮੈਂ ਇਹ ਚਿਤਵਦਾ ਰਿਹਾ ਕਿ ਜੇ ਦੋ ਰੁਪਏ ਬਚਾਉਣ ਦਾ ਖਿਆਲ ਮਨ ਵਿੱਚ ਨਾ ਆਇਆ ਹੁੰਦਾ ਤਾਂ ਸ਼ਾਇਦ ਦੋ ਸੌ ਰੁਪਏ ਦਾ ਖਰਚਾ ਨਾ ਪੈਂਦਾ, ਪਰ ਭਾਣਾ ਮੰਨਣ ਦੀ ਭਾਵਨਾ ਤਹਿਤ ਇਸ ਵਿਚਾਰ ਨੂੰ ਮਨ ਵਿੱਚੋਂ ਕੱਢ ਦਿੱਤਾ ਅਤੇ ਇਸ ਵਿਚਾਰ ਨਾਲ ਮਨ ਸ਼ਾਂਤ ਕੀਤਾ ਕਿ ਜਵਾਈ ਨੇ ਨਿੱਤ ਆਉਣਾ ਹੈ, ਉਸ ਦੇ ਭਾਈ ਨੇ ਕਦੇ ਕਦਾਈਂ ਆਉਣਾ ਹੈ।

ਦਫਤਰ ਤੋਂ ਪੈਸੇ ਲੈ ਕੇ ਜਦੋਂ ਸੋਮਵਾਰ ਕਿਸ਼ਨ ਸਿੰਘ ਨੂੰ ਬੋਤਲ ਦੇ ਪੈਸੇ ਦੇਣ ਗਿਆ ਤਾਂ ਉਸ ਨੇ ਹੱਸਦਿਆਂ ਕਿਹਾ, 'ਤੁਸੀਂ ਸਰਕਾਰੀ ਨੌਕਰੀ ਕਰਦੇ ਹੋ ਤਾਂ ਤੁਹਾਡਾ ਇਹ ਹਾਲ ਹੈ, ਦੂਜਿਆਂ ਦਾ ਕਿਵੇਂ ਸਰਦਾ ਹੋਊ?' ਮੈਂ ਮਹਿਸੂਸ ਕੀਤਾ ਕਿ ਬੰਦੇ ਨੂੰ ਇੰਨਾ ਕੁ ਸੰਜਮ ਕਰਨਾ ਹੀ ਬਣਦਾ ਹੈ ਕਿ ਅਚਾਨਕ ਪ੍ਰਾਹੁਣੇ ਆਉਣ ਉਤੇ ਜਾਂ ਘਰ ਦੇ ਕਿਸੇ ਜੀਅ ਦੇ ਬਿਮਾਰ ਹੋਣ ਕਰ ਕੇ ਅਚਾਨਕ ਪੈਸੇ ਦੀ ਲੋੜ ਦੀ ਪੂਰਤੀ ਲਈ ਕੁਝ ਨਾ ਕੁਝ ਕੋਲ ਰੱਖਣਾ ਚਾਹੀਦਾ ਹੈ। ਇਸ ਘਟਨਾ ਤੋਂ ਅਜਿਹਾ ਸਬਕ ਮਿਲਿਆ ਕਿ ਮੁੜ ਕਦੇ ਅਜਿਹੀ ਨੌਬਤ ਨਹੀਂ ਆਈ।

## ਕੈਲੰਡਰ ਵਿਵਾਦ ਕਾਰਨ ਇਸ ਵਾਰ ਵੀ ਪਾਕਿਸਤਾਨ ਨੂੰ ਜਥਾ ਨਹੀਂ ਭੇਜਿਆ ਜਾਵੇਗਾ



ਅੰਮ੍ਰਿਤਸਰ, 2 ਜੂਨ (ਪੋਸਟ ਬਿਊਰੋ)- ਨਾਨਕਸ਼ਾਹੀ ਕੈਲੰਡਰ ਦੇ ਵਿਵਾਦ ਦੇ ਕਾਰਨ ਇਸ ਵਾਰ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਜਵੇਂ ਗੁਰੂ ਸਾਹਿਬ ਦਾ ਸ਼ਹੀਦੀ ਪੁਰਬ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ ਮਨਾਉਣ ਲਈ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿ-ਸਤਾਨ ਨਹੀਂ ਭੇਜਿਆ ਜਾ ਰਿਹਾ।

ਮਿਲੀ ਜਾਣਕਾਰੀ ਦੇ ਅਨੁਸਾਰ ਸ਼੍ਰੋਮਣੀ ਕਮੇਟੀ ਨੇ ਪਿਛਲੇ ਕੁਝ ਸਾਲਾਂ ਵਾਂਗ ਪਾਕਿਸਤਾਨ ਦੇ ਹਾਈ ਕਮਿਸ਼ਨ ਵੱਲੋਂ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ 16 ਜੂਨ ਨੂੰ ਸ਼ਹੀਦੀ ਪੁਰਬ ਮਨਾਏ ਜਾਣ ਲਈ ਜਥਾ ਭੇਜਣ ਦੀ ਸ਼ਰਤ ਨੂੰ ਨਾ ਮੰਨ ਕੇ ਇਸ ਵਾਰ ਵੀ ਜਥਾ ਨਾ ਭੇਜਣ ਦਾ ਫੈਸਲਾ ਕਰ ਲਿਆ ਹੈ। ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਪੰਜਵੇਂ ਗੁਰੂ ਸਾਹਿਬ ਦੇ ਸ਼ਹੀਦੀ ਦਿਹਾੜੇ ਦੀ ਤਾਰੀਖ 16 ਜੂਨ ਮਿਥੀ ਗਈ ਸੀ, ਪਰ ਸ਼੍ਰੋਮਣੀ ਕਮੇਟੀ ਨੇ ਕੁਝ ਸਾਲ ਪਹਿਲਾਂ ਕੈਲੰਡਰ ਵਿੱਚ ਬਿਕਰਮੀ ਕੈਲੰਡਰ ਅਨੁਸਾਰ ਸੋਧ ਕਰ ਦਿੱਤੀ ਸੀ, ਜਿਸ ਕਾਰਨ ਇਸ ਸ਼ਹੀਦੀ ਪੁਰਬ ਸਮੇਤ ਕਈ ਦਿਹਾੜੇ ਹਰ ਸਾਲ ਹੀ ਵੱਖ-ਵੱਖ ਤਰੀਕਾਂ ਨੂੰ ਆ ਰਹੇ ਹਨ, ਪਰ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਮੂਲ ਨਾਨਕਸ਼ਾਹੀ ਕੈਲੰਡਰ 'ਤੇ ਪਹਿਰਾ ਦੇ ਰਹੀ ਹੈ। ਇਸ ਕਾਰਨ ਦੁਬਿਧਾ ਪੈਦਾ ਹੋ ਰਹੀ ਹੈ। ਪਤਾ ਲੱਗਾ ਹੈ ਕਿ ਸ਼੍ਰੋਮਣੀ ਕਮੇਟੀ ਵਾਂਗ ਹੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਇਸ ਵਾਰ ਸ਼ਹੀਦੀ ਪੁਰਬ ਮੌਕੇ ਆਪਣੇ ਜਥਾ ਪਾਕਿਸਤਾਨ ਨਹੀਂ ਭੇਜੇਗੀ।

ਉਂਜ ਸ਼੍ਰੋਮਣੀ ਕਮੇਟੀ ਨੇ ਮਹਾਰਾਜਾ ਰਣਜੀਤ ਸਿੰਘ ਦੀ 29 ਜੂਨ ਨੂੰ ਆ ਰਹੀ ਬਰਸੀ ਮੌਕੇ ਸ਼ਰਧਾਲੂਆਂ ਦਾ ਜਥਾ 27 ਜੂਨ ਨੂੰ ਪਾਕਿਸਤਾਨ ਭੇਜਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਸ਼੍ਰੋਮਣੀ ਕਮੇਟੀ ਦੀ ਮੰਗ ਅਨੁਸਾਰ ਇਸ ਵਾਰ ਜਥੇ ਨੂੰ 30 ਮਈ ਤੋਂ ਵੀਜ਼ਾ ਨਾ ਦਿੱਤੇ ਜਾਣ ਕਾਰਨ ਇਹ ਤੈਅ ਹੈ ਕਿ ਪੰਜਵੇਂ ਗੁਰੂ ਸਾਹਿਬ ਦਾ ਸ਼ਹੀਦੀ ਦਿਹਾੜਾ ਪਾਕਿਸਤਾਨ ਦੀਆਂ ਸੰਗਤਾਂ 16 ਜੂਨ ਨੂੰ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਮਨਾਉਣਗੀਆਂ ਤੇ ਸ਼੍ਰੋਮਣੀ ਕਮੇਟੀ ਦੇ ਸੋਧੇ ਹੋਏ ਕੈਲੰਡਰ ਅਨੁਸਾਰ ਭਾਰਤ ਦੀਆਂ ਬਹੁਤੀਆਂ ਸਿੱਖ ਸੰਗਤਾਂ ਇਹ ਦਿਹਾੜਾ ਸੱਤ ਜੂਨ ਨੂੰ ਮਨਾਉਣਗੀਆਂ।

# ਪੰਜਾਬ ਪੁਲਸ ਦੇ ਮੁਖੀ ਦਿਨਕਰ ਗੁਪਤਾ ਨੂੰ ਖ਼ਾਲਿਸਤਾਨ ਪੱਖੀਆਂ ਨੇ ਲੰਡਨ ਵਿੱਚ ਘੇਰ ਲਿਆ

ਮੋਹਾਲੀ, 2 ਜੂਨ, (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਦਿਨਕਰ ਗੁਪਤਾ ਨੂੰ ਸ਼ਨਿਚਰਵਾਰ ਨੂੰ ਲੰਡਨ ਨੇੜੇ 'ਰੈਫਰੈਂਡਮ-2020' ਦਾ ਸਮਰਥਨ ਕਰਦੇ ਗਰਮ-ਖ਼ਿਆਲੀ ਸਿੱਖਾਂ ਦੇ ਇੱਕ ਗਰੁੱਪ ਨੇ ਇਕ ਹੋਟਲ ਦੇ ਬਾਹਰ ਘੇਰਾ ਪਾ ਲਿਆ ਅਤੇ ਇਸ ਮੌਕੇ ਉਨ੍ਹਾਂ ਦੇ ਵਿਰੁੱਧ ਨਾਅਰੇਬਾਜ਼ੀ ਕਰਨ ਦੀ ਖ਼ਬਰ ਆਈ ਹੈ।

ਇਸ ਸੰਬੰਧ ਵਿੱਚ ਪਤਾ ਲੱਗਾ ਹੈ ਕਿ ਇੰਗਲੈਂਡ ਵਿਚ ਛੁੱਟੀਆਂ ਮਨਾਉਣ ਲਈ ਨਿੱਜੀ ਦੌਰੇ ਵਾਸਤੇ ਗਏ ਦਿਨਕਰ ਗੁਪਤਾ ਓਥੇ ਹੋਟਲ ਅੰਬਾ ਵਿਚ ਠਹਿਰੇ ਹੋਏ ਸਨ, ਜਿੱਥੇ ਪਰਮਜੀਤ ਸਿੰਘ ਪੰਮਾ ਤੇ ਗੁਰਪ੍ਰੀਤ ਸਿੰਘ ਦੀ ਅਗਵਾਈ ਵਿਚ ਖ਼ਾਲਿਸਤਾਨ ਪੱਖੀਆਂ ਨੇ ਹੋਟਲ ਅੱਗੇ ਜਾ ਕੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਇਨ੍ਹਾਂ ਲੋਕਾਂ ਦਾ ਕਹਿਣਾ ਸੀ ਕਿ 'ਰੈਫਰੈਂਡਮ 2020' ਦੇ ਸਮਰਥਕਾਂ ਉੱਤੇ ਡੀ ਜੀ ਪੀ ਦਿਨਕਰ ਗੁਪਤਾ ਨੇ ਡੀ ਆਈ ਜੀ ਇੰਟੈਲੀਜੈਂਸ ਹੁੰਦੇ ਹੋਏ ਝੂਠੇ ਕੇਸ ਦਰਜ ਬਣਾ ਕੇ ਤਸ਼ੱਦਦ ਕੀਤਾ ਸੀ, ਇਸ ਲਈ ਉਨ੍ਹਾਂ ਵਿਰੁੱਧ ਲੰਡਨ ਕੇਸ ਵਿਚ ਚਲਾ ਕੇ ਸਿੱਖਾਂ ਨੂੰ ਨਿਆਂ ਮਿਲਣਾ ਚਾਹੀਦਾ ਹੈ। ਪ੍ਰਦਰਸ਼ਨ ਕਰਨ ਵਾਲਿਆਂ ਨੇ ਕਿਹਾ ਕਿ ਪੰਜਾਬ ਪੁਲਿਸ ਕਾਊਂਟਰ ਇੰਟੈਲੀਜੈਂਸ ਦੇ ਏ ਆਈ ਜੀ ਰਜਿੰਦਰ ਸਿੰਘ ਸੋਹਲ ਦੇ ਵਿਰੁੱਧ ਵੀ ਅਮਰੀਕਾ ਵਿਚ ਖਾਲਿਸਤਾਨੀ ਪੱਖੀਆਂ ਨੇ ਏਦਾਂ ਵਿਰੋਧਤਾ ਪ੍ਰਗਟਾਈ ਤੇ ਉਨਾਂ ਨੂੰ ਇੱਕ ਵਿਆਹ ਸਮਾਗਮ ਛੱਡ ਕੇ ਮੁੜਨਾ ਪਿਆ ਸੀ। ਵਰਨਣ ਯੋਗ ਹੈ ਕਿ ਉਸ ਤੋਂ ਪਹਿਲਾਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਕਾਂਗਰਸ ਆਗੂ ਸੋਨੀਆ ਗਾਂਧੀ ਸਮੇਤ ਕਈ ਪ੍ਰਮੁੱਖ ਵਿਅਕਤੀਆਂ ਦਾ ਵੀ ਗਰਮ ਖ਼ਿਆਲੀ ਸਿੱਖ ਧੜੇ ਵਿਰੋਧ ਕਰ ਚੁੱਕੇ ਹਨ।



ਪੰਜਾਬ ਪੁਲਸ ਦੇ ਡੀ ਜੀ ਪੀ ਦਿਨਕਰ ਗੁਪਤਾ ਛੁੱਟੀਆਂ ਕੱਟਣ ਲਈ ਲੰਡਨ ਗਏ ਹੋਏ ਹਨ ਤੇ ਉਨ੍ਹਾਂ ਦੀ ਥਾਂ ਇਸ ਵਕਤ ਪੰਜਾਬ ਵਿੱਚ ਪੁਲਸ ਦੇ ਕਾਰਜਕਾਰੀ ਡੀ ਜੀ ਪੀ ਵਜੋਂ ਵੀ ਕੇ ਭਾਵਰਾ ਨੂੰ ਨਿਯੁਕਤ ਕੀਤਾ ਗਿਆ ਹੈ। ਤਾਜ਼ਾ ਕੇਸ ਦੀ ਗੰਭੀਰਤਾ ਨੂੰ ਵੇਖਦੇ ਹੋਏ ਪੰਜਾਬ ਪੁਲਿਸ ਸਾਰੇ ਹਾਲਾਤ ਦਾ ਪਤਾ ਲਾਉਣ ਦੇ ਯਤਨ ਕਰ ਰਹੀ ਹੈ।

ਸੋਸ਼ਲ ਮੀਡੀਆ ਉੱਤੇ ਜਾਰੀ ਕੀਤੀਆਂ ਕੁਝ ਵੀਡੀਓਜ਼ ਰਾਹੀਂ ਦਿਨਕਰ ਗੁਪਤਾ ਦੀ ਘੇਰਾਬੰਦੀ ਦਾ ਦਾਅਵਾ ਕੀਤਾ ਗਿਆ ਹੈ, ਪਰ ਅਧਿਕਾਰਤ ਤੌਰ ਉੱਤੇ ਪੰਜਾਬ ਪੁਲਿਸ ਜਾਂ ਕੋਈ ਹੋਰ ਏਜੰਸੀ ਨੇ ਇਸ ਦੀ ਪੁਸ਼ਟੀ ਨਹੀਂ ਕਰ ਸਕੀ। ਇਸ ਬਾਰੇ ਇਕ ਲਾਈਵ ਦ੍ਰਿਸ਼ ਇੱਕ ਫੇਸਬੁੱਕ ਪੇਜ ਉੱਤੇ ਵੀ ਦਿਖਾਇਆ ਗਿਆ। ਘਿਰਾਓ ਕਰਨ ਵਾਲੇ ਗਰੁੱਪ ਦਾ ਦਾਅਵਾ ਸੀ ਕਿ ਦਿਨਕਰ ਗੁਪਤਾ ਇਕ ਹੋਟਲ ਵਿਚ ਰੁਕੇ ਹੋਏ ਸਨ, ਜਿੱਥੇ ਉਨ੍ਹਾਂ ਦੇ ਖ਼ਿਲਾਫ਼ ਨਾਅਰੇ ਲਾਏ ਗਏ ਅਤੇ ਬਾਹਰ ਨਿਕਲਣ ਤੋਂ ਰੋਕਿਆ ਗਿਆ ਹੈ। ਖ਼ਾਲਿਸਤਾਨ ਪੱਖੀਆਂ ਨੇ ਕਿਹਾ ਹੈ ਕਿ ਉਹ ਦਿਨਕਰ ਗੁਪਤਾ ਦੇ ਖ਼ਿਲਾਫ਼ ਇੰਗਲੈਂਡ ਵਿੱਚ ਕਾਨੂੰਨੀ ਕਾਰਵਾਈ ਦੀ ਪ੍ਰਕਿਰਿਆ ਦਾ ਸ਼ੁਰੂ ਕਰਨ ਦੀ ਮੰਗ ਕਰਨਗੇ।

ਅਸਲ ਵਿੱਚ ਇੰਗਲੈਂਡ ਅਤੇ ਅਮਰੀਕਾ ਵਰਗੇ ਦੇਸ਼ਾਂ ਵਿੱਚ ਕੁਝ ਗਰਮ ਖ਼ਿਆਲੀ ਸਿੱਖ ਧੜੇ 'ਰੈਫਰੈਂਡਮ 2020' ਦੀ ਤਿਆਰੀ ਵਿਚ ਲੱਗੇ ਹੋਏ ਹਨ ਤੇ ਹਰ ਉਸ ਭਾਰਤੀ ਆਗੂ ਤੇ ਅਫਸਰ ਦਾ ਘਿਰਾਓ ਕਰ ਲੈਂਦੇ ਹਨ, ਜਿਹੜਾ ਸਿੱਖਾਂ ਨੂੰ ਆਜ਼ਾਦ ਰਾਜ ਦੇਣ ਦੇ ਹੱਕ ਵਿਚ ਖੜਾ ਨਹੀਂ ਹੁੰਦਾ। ਭਾਰਤ ਸਰਕਾਰ ਆਪਣੀਆਂ ਏਜੰਸੀਆਂ ਰਾਹੀਂ ਇਨ੍ਹਾਂ ਗਰੁੱਪਾਂ ਦੀ ਹਰ ਸਰਗਰਮੀ ਉੱਤੇ ਲਗਾਤਾਰ ਨਜ਼ਰ ਰੱਖ ਰਹੀ ਹੈ।

ਇਸ ਦੌਰਾਨ ਪੰਜਾਬ ਪੁਲਸ ਦੇ ਏ ਆਈ ਜੀ ਕਾਊਂਟਰ ਇੰਟੈਲੀਜੈਂਸ ਰਜਿੰਦਰ ਸਿੰਘ ਸੋਹਲ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਕਿਸੇ ਥਾਂ ਖ਼ਾਲਿਸਤਾਨ ਪੱਖੀਆਂ ਨੇ ਕਦੇ ਨਹੀਂ ਘੇਰਿਆ, ਉਹ 20 ਮਈ ਨੂੰ ਆਪਣਾ ਸਮਾਂ ਤੈਅ ਕੀਤਾ ਦੌਰਾ ਪੂਰਾ ਕਰ ਕੇ ਅਮਰੀਕਾ ਤੋਂ ਮੁੜੇ ਹਨ ਤੇ ਅਮਰੀਕਾ ਜਾਂ ਇੰਗਲੈਂਡ ਵਿਚ ਕੋਈ ਅਜਿਹਾ ਕਾਨੂੰਨ ਨਹੀਂ ਕਿ ਕਿਸੇ ਨਿਰਦੋਸ਼ ਭਾਰਤੀ ਨੂੰ ਗ੍ਰਿਫ਼ਤਾਰ ਕਰ ਕੇ ਉਸ ਉੱਤੇ ਓਥੇ ਕਾਰਵਾਈ ਸ਼ੁਰੂ ਕਰ ਦਿੱਤੀ ਜਾਵੇ।

## ਕੋਟਕਪੂਰਾ ਕਾਂਡ ਵਿਚ ਐੱਸ ਆਈ ਟੀ ਵੱਲੋਂ ਪੇਸ਼ ਚਲਾਨ ਵਿਵਾਦਾਂ ਵਿੱਚ ਘਿਰ ਗਿਆ

ਫਰੀਦਕੋਟ, 2 ਜੂਨ (ਪੋਸਟ ਬਿਊਰੋ)- ਕੋਟ ਕਪੂਰਾ ਗੋਲੀ ਕਾਂਡ ਦੀ ਜਾਂਚ ਲਈ ਬਣਾਈ ਗਈ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਵੱਲੋਂ ਅਕਾਲੀ ਆਗੂਆਂ ਅਤੇ ਪੰਜ ਪੁਲਸ ਅਧਿਕਾਰੀਆਂ ਖਿਲਾਫ ਚਲਾਨ ਪੇਸ਼ ਕਰਨ ਮਗਰੋਂ ਐੱਸ ਆਈ ਟੀ ਦੀ ਆਪਣੀ ਕਾਰਜ ਪ੍ਰਣਾਲੀ ਵਿਵਾਦਾਂ ਵਿੱਚ ਘਿਰ ਗਈ ਹੈ।

ਵਰਨਣ ਯੋਗ ਹੈ ਕਿ ਚੋਣ ਕਮਿਸ਼ਨ ਨੇ ਪੰਜ ਅਪ੍ਰੈਲ ਨੂੰ ਹੁਕਮ ਜਾਰੀ ਕਰ ਕੇ ਜਾਂਚ ਟੀਮ ਦੇ ਸੀਨੀਅਰ ਮੈਂਬਰ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਜਾਂਚ ਤੋਂ ਲਾਂਭੇ ਕਰ ਦਿੱਤਾ ਸੀ। ਚੋਣ ਜ਼ਾਬਤਾ ਖਤਮ ਹੋਣ ਪਿੱਛੋਂ ਇਸ ਆਈ ਜੀ ਨੂੰ ਪੰਜਾਬ ਸਰਕਾਰ ਨੇ 27 ਮਈ ਨੂੰ ਬਹਾਲ ਕਰ ਦਿੱਤਾ, ਪਰ ਅਦਾਲਤ ਵਿੱਚ ਪੇਸ਼ ਚਲਾਨ ਤੋਂ ਇਹ ਸਾਬਤ ਹੋ ਰਿਹਾ ਹੈ ਕਿ ਉਹ 23 ਮਈ ਨੂੰ ਵੀ ਪੜਤਾਲ ਕਰਨ ਵਿੱਚ ਲੱਗੇ ਹੋਏ ਸਨ। ਇਸ ਤੋਂ ਪਹਿਲਾਂ ਉਨ੍ਹਾਂ ਨੇ ਚੋਣ ਕਮਿਸ਼ਨ ਦੀ ਰੋਕ ਦੇ ਬਾਵਜੂਦ ਤਿੰਨ ਪੁਲਸ ਅਫਸਰਾਂ ਤੋਂ ਪੁੱਛਗਿੱਛ ਕੀਤੀ ਅਤੇ ਬਿਆਨ ਲਿਖੇ ਸਨ। ਜਾਂਚ ਟੀਮ ਵੱਲੋਂ ਅਦਾਲਤ ਵਿੱਚ ਪੇਸ਼ 56 ਸਫਿਆਂ ਦੀ ਰਿਪੋਰਟ ਵਿੱਚ ਕੋਟ ਕਪੂਰਾ ਗੋਲੀ ਕਾਂਡ ਤੋਂ ਇਲਾਵਾ 2007 ਤੋਂ ਲੈ ਕੇ 2015 ਤੱਕ ਦੀਆਂ ਘਟਨਾਵਾਂ ਦੇ ਵੇਰਵੇ ਦਿੱਤੇ ਗਏ ਹਨ। ਦਿਲਚਸਪ ਤੱਥ ਇਹ ਹੈ ਕਿ ਇਨ੍ਹਾਂ ਘਟਨਾਵਾਂ ਦਾ ਦੋ ਹਜ਼ਾਰ ਸਫਿਆਂ ਦੀ ਚਾਰਜਸ਼ੀਟ ਵਿੱਚ ਕੋਈ ਸਬੂਤ ਨੱਥੀ ਨਹੀਂ ਕੀਤਾ ਗਿਆ ਅਤੇ ਨਾ 2007 ਤੋਂ ਲੈ ਕੇ 2015 ਤੱਕ ਡੇਰਾ ਸਿਰਸਾ ਅਤੇ ਸਿੱਖ ਸੰਗਤਾਂ ਵਿਚਾਲੇ ਪੈਦਾ ਹੋਏ ਟਕਰਾਅ ਮਗਰੋਂ ਵਾਪਰੀਆਂ ਘਟਨਾਵਾਂ ਬਾਰੇ ਕਿਸੇ ਗਵਾਹ ਦਾ ਬਿਆਨ ਦਰਜ ਹੈ।

ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਵਿਸ਼ੇਸ਼ ਜਾਂਚ ਟੀਮ ਨੇ 13 ਅਕਤੂਬਰ 2015 ਦੀ ਰਾਤ ਨੂੰ ਕੋਟ ਕਪੂਰਾ ਵਿੱਚ ਵਾਪਰੇ ਗੋਲੀ ਕਾਂਡ ਅਤੇ 14 ਅਕਤੂਬਰ 2015 ਨੂੰ ਵਾਪਰੇ ਬਹਿਬਲ ਕਾਂਡ ਬਾਰੇ ਹੀ ਜਾਂਚ ਕਰਨੀ ਸੀ। ਇਸ ਬਾਰੇ ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਚਲਾਨ ਬਾਰੇ ਜਾਂਚ ਟੀਮ ਦੇ ਮੈਂਬਰ ਅਤੇ ਮੁਖੀ ਦੀ ਆਪੋ ਵਿੱਚ ਸਹਿਮਤੀ ਅਤੇ ਇੱਕ ਰਾਏ ਨਹੀਂ ਸੀ। ਜਾਂਚ ਟੀਮ ਦੇ ਚਾਰ ਮੈਂਬਰਾਂ ਨੇ ਡੀ ਜੀ ਪੀ ਨੂੰ ਪੱਤਰ ਲਿਖ ਕੇ ਸਾਫ ਕੀਤਾ ਕਿ ਕੋਟਕਪੂਰਾ ਗੋਲੀ ਕਾਂਡ ਵਿੱਚ ਪੇਸ਼ ਕੀਤੇ ਗਏ ਚਲਾਨ ਦੇ ਜੋ ਵੀ ਸਿੱਟੇ ਨਿਕਲਣਗੇ, ਉਸ ਦੇ ਲਈ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਹੀ ਜ਼ਿੰਮੇਵਾਰ ਹੋਣਗੇ। ਪੁਲਸ ਅਧਿਕਾਰੀਆਂ ਦੇ ਖਿਲਾਫ ਅਦਾਲਤ ਵਿੱਚ ਦੋਸ਼ ਪੱਤਰ ਪੇਸ਼ ਕਰਨ ਤੋਂ ਪਹਿਲਾਂ ਇਸ ਚਲਾਨ ਦੀ ਸਮੁੱਚੀ ਫਾਈਲ ਗ੍ਰਹਿ ਵਿਭਾਗ ਕੋਲ ਭੇਜ ਕੇ ਮਨਜ਼ੂਰੀ ਲੈਣੀ ਜ਼ਰੂਰੀ ਸੀ, ਪ੍ਰੰਤੂ ਜਾਂਚ ਟੀਮ ਨੇ ਗ੍ਰਹਿ ਵਿਭਾਗ ਦੀ ਮਨਜ਼ੂਰੀ ਤੋਂ ਬਿਨਾਂ ਹੀ ਚਲਾਨ ਅਦਾਲਤ ਵਿੱਚ ਪੇਸ਼ ਕਰ ਦਿੱਤਾ ਜਿਸ ਦਾ ਪੁਲਸ ਅਧਿਕਾਰੀਆਂ ਨੂੰ ਸਿੱਧਾ ਲਾਭ ਮਿਲ ਸਕਦਾ ਹੈ। ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਇਸ ਵਿਵਾਦ ਉਤੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ। ਅਦਾਲਤ ਨੇ ਜਾਂਚ ਟੀਮ ਦੇ ਪੇਸ਼ ਕੀਤੇ ਚਲਾਨ ਦੀਆਂ ਨਕਲਾਂ ਅਜੇ ਮੁਲਜ਼ਮਾਂ ਨੂੰ ਨਹੀਂ ਦਿੱਤੀਆਂ। ਇਸ ਚਲਾਨ ਬਾਰੇ ਛੇ ਜੂਨ ਨੂੰ ਸੁਣਵਾਈ ਹੋਵੇਗੀ।

## ਹਾਈ ਕੋਰਟ ਨੇ ਕਿਹਾ, ਪਸ਼ੂਆਂ ਦੇ ਅਧਿਕਾਰ ਮਨੁੱਖਾਂ ਦੇ ਬਰਾਬਰ

ਚੰਡੀਗੜ੍ਹ, 2 ਜੂਨ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਇੱਕ ਨਿਵੇਕਲਾ ਦਾ ਫੈਸਲਾ ਦੇਂਦੇ ਹੋਏ ਕਿਹਾ ਹੈ ਕਿ ਮਨੁੱਖਾਂ ਵਾਂਗ ਪਸ਼ੂਆਂ ਤੇ ਪੰਛੀਆਂ ਦੇ ਕਾਨੂੰਨੀ ਅਧਿਕਾਰ ਹਨ। ਇਸ ਮੌਕੇ ਮਨੁੱਖਾਂ ਨੂੰ ਪਸ਼ੂ ਸੰਸਾਰ ਦੇ ਸਰਪ੍ਰਸਤ ਦੱਸਦੇ ਹੋਏ ਅਦਾਲਤ ਨੇ ਕਿਹਾ ਹੈ ਕਿ ਇਨ੍ਹਾਂ ਦੀ ਸੁਰੱਖਿਆ ਅਤੇ ਭਲਾਈ ਕਰਨੀ ਮਨੁੱਖਾਂ ਦਾ ਫਰਜ਼ ਹੈ ਅਤੇ ਪਸ਼ੂਆਂ ਨਾਲ ਹਮਦਰਦੀ ਭਰਿਆ ਵਤੀਰਾ ਕਰਨਾ ਚਾਹੀਦਾ ਹੈ। ਅਦਾਲਤ ਨੇ ਹਰਿਆਣਾ ਵਿੱਚ ਮਨੁੱਖਾਂ ਬਰਾਬਰ ਪਸ਼ੂਆਂ ਦੇ ਕਾਨੂੰਨੀ ਹੱਕ ਮੰਨ ਲਏ ਅਤੇ ਇਸ ਦੇ ਨਾਲ ਇਸ ਕੇਸ ਵਿੱਚ ਕਈ ਨਿਰਦੇਸ਼ ਜਾਰੀ ਕਰ ਕੇ ਪਸ਼ੂਆਂ ਰਾਹੀਂ ਢੋਏ ਜਾਣ ਵਾਲਾ ਭਾਰ ਅਤੇ ਗੱਡੇ 'ਤੇ ਬੈਠੇ ਮਨੁੱਖਾਂ ਦੀ ਗਿਣਤੀ ਵੀ ਚਾਰ ਨਿਸ਼ਚਤ ਕਰ ਦਿੱਤੀ ਹੈ। ਇਸ ਦੇ ਨਾਲ ਹੀ ਅਦਾਲਤ ਨੇ ਵਧੇਰੇ ਗਰਮੀ ਅਤੇ ਅਤਿ ਸਰਦੀ ਦੀ ਸਰਦੀ ਵਿੱਚ ਪਸ਼ੂਆਂ ਦੇ ਰੇਹੜੇ-ਰੇੜ੍ਹੀਆਂ ਖਿੱਚਣ 'ਤੇ ਵੀ ਰੋਕ ਲਾ ਦਿੱਤੀ ਹੈ।

ਹਾਈ ਕੋਰਟ ਨੇ ਆਦੇਸ਼ ਕੀਤਾ ਹੈ ਕਿ ਗਰਮੀਆਂ ਵਿੱਚ ਸਵੇਰੇ ਗਿਆਰਾਂ ਵਜੇ ਤੋਂ ਸ਼ਾਮ ਚਾਰ ਵਜੇ ਅਤੇ ਸਰਦੀਆਂ ਵਿੱਚ ਰਾਤ ਦਸ ਵਜੇ ਤੋਂ ਸਵੇਰੇ ਸੱਤ ਵਜੇ ਤੱਕ ਪਸ਼ੂਆਂ ਤੋਂ ਕੰਮ ਨਹੀਂ ਲਿਆ ਜਾ ਸਕਦਾ। ਇਸ ਦੇ ਨਾਲ ਬਲਦ, ਖੱਚਰ, ਘੋੜੇ ਹੱਕਣ ਲਈ ਛੈਂਟਾ, ਪਰੈਣੀ ਵਿੱਚ ਆਰ ਲਾਉਣੀ ਜਾਂ ਜੂਲੇ ਦੇ ਥੱਲੇ ਜੋਤ ਲਾਉਣ ਨਾਲ ਪਸ਼ੂਆਂ ਨੂੰ ਹੋਰ ਤਸੀਹੇ ਦੇਣ ਵਾਲੇ ਜੰਤਰ ਵਰਤਣ 'ਤੇ ਪਾਬੰਦੀ ਲਾ ਦਿੱਤੀ ਹੈ। ਇਹ ਪਾਬੰਦੀ ਹਰਿਆਣਾ ਵਿੱਚ ਲਾਗੂ ਹੋਵੇਗੀ। ਪਸ਼ੂਆਂ ਨੂੰ ਬੇਆਰਾਮੀ ਤੋਂ ਬਚਾਉਣ ਲਈ ਜਸਟਿਸ ਰਾਜੀਵ ਸ਼ਰਮਾ ਨੇ ਪੁਲਸ ਨੂੰ ਹਦਾਇਤ ਦਿੱਤੀ ਕਿ ਬਲਦਾਂ ਵੱਲੋਂ ਗੱਡੇ ਖਿੱਚਣ ਲਈ ਰਸਤੇ ਦਾ ਹੱਕ ਦਿੱਤਾ ਜਾਵੇ। ਪਸ਼ੂਆਂ ਦੀ ਵਰਤੋਂ ਸਿਰਫ ਦਿਨ ਵਿੱਚ ਨੌਂ ਘੰਟੇ ਕੀਤੀ ਜਾ ਸਕਦੀ ਹੈ। ਇੱਕ ਸਮੇਂ ਵਿੱਚ ਪੰਜ ਘੰਟੇ ਤੋਂ ਵੱਧ ਬਲਦਾਂ, ਖੱਚਰਾਂ ਜਾਂ ਹੋਰ ਪਸ਼ੂਆਂ ਤੋਂ ਕੰਮ ਨਹੀਂ ਲਿਆ ਜਾ ਸਕਦਾ। ਜਸਟਿਸ ਸ਼ਰਮਾ ਨੇ 104 ਸਫਿਆਂ ਦੇ ਫੈਸਲੇ ਵਿੱਚ ਕਿਹਾ ਕਿ 'ਜੀਓ ਤੇ ਜਿਊਣ ਦਿਓ' ਹੇਠ ਪਸ਼ੂਆਂ ਦੇ ਵੀ ਹੱਕ ਹਨ। ਇਹ ਫੈਸਲਾ ਉਨ੍ਹਾਂ ਨੇ 29 ਗਾਵਾਂ ਨੂੰ ਬੇਰਹਿਮੀ ਨਾਲ ਨੂੜ ਕੇ ਦੋ ਟਰੱਕਾਂ ਵਿੱਚ ਹਰਿਆਣਾ ਤੋਂ ਉੱਤਰ ਪ੍ਰਦੇਸ਼ ਨੂੰ ਭਰ ਕੇ ਲਿਜਾਣ ਦੀ ਸ਼ਿਕਾਇਤ ਉੱਤੇ ਕੀਤਾ ਹੈ।

## ਪਟਿਆਲਾ ਵਿੱਚ ਨਵੀਂ ਖੇਡ ਯੂਨੀਵਰਸਿਟੀ ਬਣਾਈ ਜਾਵੇਗੀ

ਚੰਡੀਗੜ੍ਹ, 2 ਜੂਨ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਟਿਆਲਾ ਵਿੱਚ ਨਵੀਂ ਖੇਡ ਯੂਨੀਵਰਸਿਟੀ ਨੂੰ ਪਹਿਲੀ ਸਤੰਬਰ ਤੋਂ ਚਾਲੂ ਕਰਨ ਦੀ ਪ੍ਰਵਾਨਗੀ ਦੇ ਦਿੱਤੀ। ਇਸ ਦੇ ਨਾਲ ਉਨ੍ਹਾਂ ਨੇ ਉਚੇਰੀ ਸਿਖਿਆ ਵਿਭਾਗ ਨੂੰ ਪਹਿਲੇ ਬੈਚ ਲਈ ਦਾਖਲਾ ਪ੍ਰਕਿਰਿਆ ਨੂੰ ਅੰਤਿਮ ਰੂਪ ਦੇਣ ਦੇ ਹੁਕਮ ਦਿੱਤੇ ਹਨ।

ਖੇਡ ਯੂਨੀਵਰਸਿਟੀ ਦੀ ਸਥਾਪਨਾ ਲਈ ਬਣਾਈ ਗਈ ਸੰਚਾਲਨ ਕਮੇਟੀ ਦੀ ਉਚ ਪੱਧਰੀ ਮੀਟਿੰਗ ਦੀ ਅਗਵਾਈ ਕਰਦਿਆਂ ਮੁੱਖ ਮੰਤਰੀ ਨੇ ਇਸ ਸੰਸਥਾ ਦਾ ਨਾਂਅ ਪੰਜਾਬ ਸਪੋਰਟਸ ਯੂਨੀਵਰਸਿਟੀ ਵਜੋਂ ਰੱਖਣ ਦੀ ਪ੍ਰਵਾਨਗੀ ਦਿੱਤੀ ਹੈ, ਜਿਸ ਦਾ ਖਰੜਾ ਮੰਤਰੀ ਮੰਡਲ ਦੀ ਅਗਲੀ ਮੀਟਿੰਗ ਵਿੱਚ ਪੇਸ਼ ਕੀਤਾ ਜਾਵੇਗਾ। ਇਸ ਬਾਰੇ ਇੱਕ ਆਰਡੀਨੈਂਸ ਲਿਆਂਦਾ ਜਾਵੇਗਾ ਤਾਂ ਕਿ ਅਕਾਦਮਿਕ ਸੈਸ਼ਨ ਸਮੇਂ ਸਿਰ ਸ਼ੁਰੂ ਹੋ ਸਕੇ। ਮੁੱਖ ਮੰਤਰੀ ਨੇ ਪਟਿਆਲਾ ਦੇ ਡਿਪਟੀ ਕਮਿਸ਼ਨਰ ਕੁਮਾਰ ਅਮਿਤ ਨੂੰ ਯੂਨੀਵਰਸਿਟੀ ਬਣਾਉਣ ਲਈ ਸਿੱਧੋਵਾਲ ਪਿੰਡ ਵਿੱਚ



ਰਾਜੀਵ ਗਾਂਧੀ ਨੈਸ਼ਨਲ ਲਾਅ ਯੂਨੀਵਰਸਿਟੀ ਨੇੜਲੀ 97 ਏਕੜ ਜ਼ਮੀਨ ਐਕਵਾਇਰ ਕਰਨ ਦਾ ਕੰਮ ਸ਼ੁਰੂ ਕਰਨ ਦੀ ਹਦਾਇਤ ਕੀਤੀ ਹੈ। ਪਿੰਡ ਦੀ ਪੰਚਾਇਤ 97 ਫੀਸਦੀ ਜ਼ਮੀਨ ਮੁਫਤ ਦੇਣ ਲੱਗੀ ਹੈ, ਬਾਕੀ ਜ਼ਮੀਨ ਐਕੁਆਇਰ ਕੀਤੀ ਜਾਵੇਗੀ। ਡੀ ਸੀ ਦੇ ਪ੍ਰਸਤਾਵ ਨਾਲ ਸਹਿਮਤ ਹੁੰਦਿਆਂ ਮੁੱਖ ਮੰਤਰੀ ਨੇ ਪਿੰਡ ਦੇ ਉਨ੍ਹਾਂ ਯੋਗ ਲੋਕਾਂ ਲਈ ਗਰੁੱਪ 'ਸੀ' ਅਤੇ 'ਡੀ' ਦੀਆਂ ਪੋਸਟਾਂ ਰਾਖਵੀਆਂ ਕਰਨ ਦੀ ਸਿਧਾਂਤਕ ਪ੍ਰਵਾਨਗੀ ਦੇ ਦਿੱਤੀ ਹੈ, ਜਿਨ੍ਹਾਂ ਦੀ ਜ਼ਮੀਨ ਐਕੁਆਇਰ ਹੋਣੀ ਹੈ। ਕੈਪਟਨ ਅਮਰਿੰਦਰ ਸਿੰਘ ਨੇ ਖੇਡ ਵਿਭਾਗ ਨੂੰ ਨਵੀਂ ਇਮਾਰਤ ਦੇ ਬਣਮ ਤੱਕ ਇਸ ਸੰਸਥਾ ਨੂੰ ਆਰਜ਼ੀ ਤੌਰ 'ਤੇ ਚਲਾਉਣ ਲਈ ਮਹਿੰਦਰਾ ਕੋਠੀ ਦਾ ਕਬਜ਼ਾ ਲੈਣ ਨੂੰ ਕਿਹਾ ਹੈ। ਇਸ ਮੰਤਵ ਲਈ ਕੋਠੀ ਦੀ ਮੁਰੰਮਤ ਵਾਸਤੇ 50 ਲੱਖ ਰੁਪਏ ਦੀ ਰਾਸ਼ੀ ਪ੍ਰਵਾਨ ਕੀਤੀ ਗਈ ਹੈ।

ਇਸ ਸੰਬੰਧ ਵਿੱਚ ਮੁੱਖ ਮੰਤਰੀ ਨੇ ਖੇਡ ਵਿਭਾਗ ਦੇ ਐਡੀਸ਼ਨਲ ਪ੍ਰਿੰਸੀਪਲ ਸਕੱਤਰ ਨੂੰ ਵੱਖ-ਵੱਖ ਕੋਰਸਾਂ ਨੂੰ ਸਪਾਂਸਰ ਕਰਨ ਤੇ ਸੰਬੰਧਤ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਰਿਲਾਇੰਸ ਤੇ ਵਿਪਰੋ ਵਰਗੇ ਵੱਡੇ ਸਨਅਤੀ ਘਰਾਣਿਆਂ ਨੂੰ ਨਾਲ ਜੋੜਨ ਦੀਆਂ ਸੰਭਾਵਨਾਵਾਂ ਵੇਖਣ ਨੂੰ ਕਿਹਾ ਹੈ।

## ਪੈਪਸੂ ਦੀ ਬਸ ਦੀ ਟੱਕਰ ਨਾਲ ਬਾਈਕ ਸਵਾਰ ਨੌਜਵਾਨਾਂ ਦੀ ਮੌਤ

ਪਟਿਆਲਾ, 2 ਜੂਨ (ਪੋਸਟ ਬਿਊਰੋ)- ਪਟਿਆਲਾ-ਦੇਵੀਗੜ੍ਹ ਰੋਡ 'ਤੇ ਜੋੜੀਆਂ ਸੜਕਾਂ ਦੇ ਨਜ਼ਦੀਕ ਇੱਕ ਬਾਈਕ 'ਤੇ ਦੋ ਨੌਜਵਾਨ ਕੰਮ 'ਤੇ ਜਾ ਰਹੇ ਸਨ। ਇਸੇ ਦੌਰਾਨ ਸਾਹਮਣੇ ਤੋਂ ਆਈ ਪੀ ਆਰ ਟੀ ਸੀ ਦੀ ਬਸ ਨੇ ਟੱਕਰ ਮਾਰ ਦਿੱਤੀ, ਜਿਸ ਦੇ ਨਾਲ ਬਾਈਕ ਸਵਾਰ ਨੌਜਵਾਨਾਂ ਦੀ ਮੌਕੇ 'ਤੇ ਮੌਤ ਹੋ ਗਈ। ਉਨ੍ਹਾਂ ਦੀ ਪਛਾਣ ਗੁਰਪ੍ਰੀਤ ਗਿਰ (25) ਪੁੱਤਰ ਗੁਰਦੀਪ ਸਿੰਘ ਪਿੰਡ ਸਵਾਈ ਸਿੰਘ ਵਾਲਾ ਅਤੇ ਸ਼ਮਸ਼ੇਰ ਸਿੰਘ (22) ਪਿੰਡ ਪਿੱਪਲ ਖੇੜੀ ਵਜੋਂ ਹੋਈ ਹੈ।

ਮ੍ਰਿਤਕਾਂ ਦੇ ਸਾਥੀ ਜੋਗਿੰਦਰ ਸਿੰਘ ਨੇ ਦੱਸਿਆ ਕਿ ਗੁਰਪ੍ਰੀਤ ਸਿੰਘ ਪਟਿਆਲਾ ਦੇ ਵਿਕਾਸ ਨਗਰ ਖੇਤਰ ਦੀ ਇੱਕ ਨਿੱਜੀ ਏਅਰ ਕੰਡੀਸ਼ਨਰ ਕੰਪਨੀ ਵਿੱਚ ਏ ਸੀ ਦੀ ਸਰਵਿਸ ਕਰਨ ਦਾ ਕੰਮ ਕਰਦਾ ਸੀ ਅਤੇ ਸ਼ਮਸ਼ੇਰ ਸਿੰਘ ਉਸ ਦੇ ਨਾਲ ਹੈਲਪਰ ਦਾ ਕੰਮ ਕਰਦਾ ਸੀ। ਗੁਰਪ੍ਰੀਤ ਸਿੰਘ ਤੇ ਸ਼ਮਸ਼ੇਰ ਸਿੰਘ ਮਾਤਾ-ਪਿਤਾ ਦੇ ਇਕਲੌਤੇ ਬੇਟੇ ਸਨ। ਥਾਣਾ ਸਨੌਰ ਦੇ ਏ ਐੱਸ ਆਈ ਮੇਜਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੇ ਘਰਦਿਆਂ ਦੇ ਬਿਆਨ 'ਤੇ ਬਸ ਚਾਲਕ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਪ੍ਰੇਮਿਕਾ ਨੂੰ ਮਿਲਣ ਆਏ ਨੌਜਵਾਨ ਨੂੰ ਕੁੜੀ ਦੇ ਪਰਿਵਾਰ ਨੇ ਕੁੱਟ-ਕੁੱਟ ਕੇ ਮਾਰਿਆ

ਮਲੋਟ, 2 ਜੂਨ (ਪੋਸਟ ਬਿਊਰੋ)- ਏਥੋਂ ਨੇੜੇ ਸੜਕ ਉੱਤੇ ਗੰਭੀਰ ਹਾਲਤ ਵਿੱਚ ਮਿਲੇ ਇਕ ਨੌਜਵਾਨ ਦੀ ਇਲਾਜ ਦੌਰਾਨ ਮੌਤ ਹੋ ਗਈ ਹੈ। ਪਹਿਲੀ ਨਜ਼ਰ ਵਿੱਚ ਇਹ ਮਾਮਲਾ ਹਾਦਸੇ ਦਾ ਲੱਗਦਾ ਸੀ, ਪਰ ਹੌਲੀ-ਹੌਲੀ ਇਸ ਦੀ ਸੂਈ ਅਣਖ ਨੂੰ ਲੈ ਕੇ ਕੀਤੇ ਗਏ ਕਤਲ ਦੇ ਮਾਮਲੇ ਵੱਲ ਚਲੀ ਗਈ ਹੈ। ਪਤਾ ਲੱਗਾ ਹੈ ਕਿ ਗੁਰਪ੍ਰੀਤ ਸਿੰਘ ਪੁੱਤਰ ਹਰਨੇਕ ਸਿੰਘ ਆਪਣੇ ਦੋਸਤ ਕੁਲਵੰਤ ਸਿੰਘ ਪੁੱਤਰ ਦਲੇਰ ਸਿੰਘ ਨਾਲ ਕੱਲ੍ਹ ਰਾਤ ਮਲੋਟ ਨੇੜੇ ਲੰਬੀ ਹਲਕੇ ਦੀ ਡਿਫੈਂਸ ਰੋਡ ਦੇ ਪਿੰਡ ਬਲੋਚ ਕੇਰਾ (ਰਸੂਲਪੁਰ ਕੇਰਾ) ਦੀ ਇੱਕ ਕੁੜੀ ਨੂੰ ਮਿਲਣ ਆਇਆ ਸੀ। ਕੁੜੀ ਦੇ ਪਰਿਵਾਰ ਨੂੰ ਪਤਾ ਲੱਗਣ




ਉੱਤੇ ਉਨ੍ਹਾਂ ਨੇ ਲੜਕੇ ਦੀ ਬੁਰੀ ਤਰ੍ਹਾਂ ਕੁੱਟਮਾਰ ਕਰਕੇ ਸੜਕ ਉਤੇ ਸੁੱਟ ਦਿੱਤਾ, ਪਰ ਉਸ ਦਾ ਸਾਥੀ ਭੱਜ ਗਿਆ। ਗੰਭੀਰ ਜ਼ਖਮੀ ਹੋਣ ਕਾਰਨ ਉਸ ਨੌਜਵਾਨ ਨੂੰ ਲੋਕਾਂ ਨੇ ਹਸਪਤਾਲ ਪੁਚਾ ਦਿੱਤਾ। ਡਾਕਟਰਾਂ ਨੇ ਉਸ ਦੀ ਹਾਲਤ ਗੰਭੀਰ ਦੇਖ ਕੇ ਚੰਡੀਗੜ੍ਹ ਰੈਫਰ ਕਰ ਦਿੱਤਾ, ਪਰ ਰਸਤੇ ਵਿੱਚ ਉਸ ਦੀ ਮੌਤ ਹੋ ਗਈ। ਇਸ ਪਿੱਛੋਂ ਦੱਸਿਆ ਗਿਆ ਕਿ ਲੜਕੇ ਦੇ ਦੋ ਦੋਸਤ ਤੇ ਖੁਦ ਜ਼ਖਮੀ ਲੜਕਾ, ਜਿਹੜਾ ਓਦੋਂ ਹੋਸ਼ ਵਿੱਚ ਸੀ, ਨੇ ਸੱਟਾਂ ਦਾ ਕਾਰਨ ਐਕਸੀਡੈਂਟ ਦੱਸਿਆ ਸੀ। ਜ਼ਖਮਾਂ ਦੇ ਕਾਰਨ ਜਦੋਂ ਉਸ ਦੀ ਮੌਤ ਹੋ ਗਈ ਤਾਂ ਸਾਰੀ ਕਹਾਣੀ ਦਾ ਪਤਾ ਲੱਗਾ। ਇਸ ਦੀ ਜਾਂਚ ਕਰ ਰਹੇ ਚੌਕੀ ਭਾਈਕਾ ਕੇਰਾ ਦੇ ਥਾਣੇਦਾਰ ਅਮਰੀਕ ਸਿੰਘ ਦੇ ਮੁਤਾਬਕ ਮਾਮਲਾ ਅਣਖ ਨੂੰ ਲੈ ਕੇ ਕੀਤੇ ਕਤਲ ਦਾ ਹੈ। ਇਸ ਬਾਰੇ ਮ੍ਰਿਤਕ ਦੇ ਦੋਸਤ ਕੁਲਵੰਤ ਸਿੰਘ ਨੇ ਦੱਸਿਆ ਕਿ ਗੁਰਪ੍ਰੀਤ ਸਿੰਘ ਬਲੋਚਕੇਰਾ ਵਿਖੇ ਆਪਣੀ ਪ੍ਰੇਮਿਕਾ ਨੂੰ ਮਿਲਣ ਆਇਆ ਸੀ, ਪਰ ਕੁੜੀ ਦੇ ਪਰਿਵਾਰ ਨੂੰ ਪਤਾ ਲੱਗ ਗਿਆ। ਇਸ ਪਿੱਛੋਂ ਕੁੜੀ ਦੇ ਤਾਏ ਦੇ ਪੁੱਤਰਾਂ ਬਲਜੀਤ ਸਿੰਘ, ਗੁਰਜੀਤ ਸਿੰਘ ਅਤੇ ਖੁਸ਼ਪ੍ਰੀਤ ਸਿੰਘ ਪੁਤਰਾਨ ਬਖਸੀਸ਼ ਸਿੰਘ ਨੇ ਉਸ ਨੂੰ ਫੜ ਲਿਆ ਅਤੇ ਬੰਨ੍ਹ ਕੇ ਕੁੱਟਮਾਰ ਕੀਤੀ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਥਾਣਾ ਲੰਬੀ ਦੀ ਪੁਲਸ ਨੇ ਤਿੰਨਾਂ ਭਰਾਵਾਂ ਵਿਰੁੱਧ ਕਤਲ ਦਾ ਕੇਸ ਦਰਜ ਕਰ ਲਿਆ ਹੈ। ਮ੍ਰਿਤਕ ਨੌਜਵਾਨ ਸਾਊਦੀ ਅਰਬ ਵਿੱਚ ਕੰਮ ਕਰਦਾ ਸੀ ਅਤੇ ਛੁੱਟੀ ਆਇਆ ਹੋਇਆ ਸੀ।


A/Z Drivers Needed/ਡਰਾਈਵਰਾਂ ਦੀ ਲੋੜ

- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London



- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job

For Further Information Contact: 6476253344





## ਟਵਿਟਰ ਨੇ 19 ਕਰੋੜ ਯੂਜ਼ਰਜ਼ ਨੂੰ ਅਕਾਊਂਟ ਤਸਦੀਕ ਕਰਾਉਣ ਨੂੰ ਕਿਹਾ

ਨਵੀਂ ਦਿੱਲੀ, 2 ਜੂਨ (ਪੋਸਟ ਬਿਊਰੋ)- ਵਾਟਸਐਪ ਉੱਤੇ ਫ਼ਰਜ਼ੀ ਅਕਾਊਂਟਸ ਨਾਲ ਪਲੇਟਫਾਰਮ ਦੀ ਦੁਰਵਰਤੋਂ ਰੋਕਣ ਦੇ ਆਪਣੇ ਯਤਨਾਂ ਹੇਠ ਟਵਿਟਰ ਨੇ 2018 ਦੀ ਦੂਜੀ ਛਿਮਾਹੀ ਵਿੱਚ ਤਸਦੀਕ ਦੇ ਲਈ 19.35 ਕਰੋੜ ਅਕਾਊਂਟਾਂ ਨੂੰ ਚੁਣੌਤੀ ਦਿੱਤੀ ਹੈ, ਜੋ ਪਿਛਲੇ ਸਾਲ ਦੀ ਪਹਿਲੀ ਛਿਮਾਹੀ ਤੋਂ 17 ਫ਼ੀਸਦੀ ਘੱਟ ਹਨ।



ਮਾਈਕ੍ਰੋ ਬਲਾਗਿੰਗ ਸਾਈਟ ਦੀ ਇਕ ਪਾਰਦਰਸ਼ਿਤਾ ਰਿਪੋਰਟ ਦੇ ਮੁਤਾਬਕ ਅਕਾਊਂਟਸ ਉੱਤੇ ਕਿਸੇ ਓਪਰੇ ਮਨੁੱਖ ਦੇ ਕੰਟਰੋਲ ਦੀ ਜਾਂਚ ਲਈ ਟਵਿਟਰ 'ਐਂਟੀ-ਸਪੈਮ ਚੈਲੈਂਜ' ਦੀ ਵਰਤੋਂ ਕਰਦਾ ਹੈ। ਇਸ ਪ੍ਰਕਿਰਿਆ ਵਿੱਚ ਟਵਿਟਰ ਨੂੰ ਫੋਨ ਨੰਬਰ ਜਾਂ ਈਮੇਲ ਐਡਰੈੱਸ ਤਸਦੀਕ ਕਰਨ ਲਈ ਸੱਚੇ ਖਾਤੇਦਾਰ ਦੀ ਲੋੜ ਪੈਂਦੀ ਹੈ। ਸਰਟੀਫਾਈਡ ਖਾਤਾ ਧਾਰਕਾਂ ਲਈ ਇਹ ਚੁਣੌਤੀ ਸੌਖੀ ਹੈ, ਪਰ ਸਪੈਮ ਜਾਂ ਦੁਰ-ਭਾਵਨਾ ਵਾਲੇ ਖਾਤੇਦਾਰਾਂ ਲਈ ਇਹ ਪ੍ਰਕਿਰਿਆ ਮਹਿੰਗੀ ਹੋ ਜਾਂਦੀ ਹੈ। ਇਸ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਅਜਿਹੇ ਅਕਾਊਂਟ, ਜੋ ਇੱਕ ਮਿਥੇ ਸਮੇਂ ਵਿੱਚ ਚੁਣੌਤੀ ਪੂਰੀ ਕਰਨ ਤੋਂ ਅਸਫਲ ਰਹੇ, ਉਹ ਸਸਪੈਂਡ ਕੀਤੇ ਜਾ ਸਕਦੇ ਹਨ। ਟਵਿਟਰ ਨੇ ਕਿਹਾ ਕਿ ਉਸ ਦਾ ਧਿਆਨ ਛੇ ਮਹੀਨਿਆਂ ਵਿੱਚ ਸਾਈਨ ਅੱਪ ਕਰਨ ਵਾਲੇ ਨਕਲੀ ਖਾਤਿਆਂ ਦਾ ਪਤਾ ਲਾਉਣ ਵੱਲ ਹੈ। ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ 2018 ਦੀ ਦੂਜੀ ਤਿਮਾਹੀ ਵਿੱਚ ਸਪੈਮ ਦੀ ਰਿਪੋਰਟ ਵਿੱਚ ਕਮੀ ਦਰਜ ਕੀਤੀ ਗਈ ਹੈ।

## ਮਾਡਲਿੰਗ ਤੋਂ ਸਿਆਸਤ ਤਕ ਦਾ ਸਫਰ, ਪਾਰਲੀਮੈਂਟ ਮੈਂਬਰ ਬਣੀ ਨੁਸਰਤ ਜਹਾਂ

ਮੁੰਬਈ, 2 ਜੂਨ (ਪੋਸਟ ਬਿਊਰੋ)- ਮਾਡਲਿੰਗ ਦੀ ਦੁਨੀਆ ਤੋਂ ਕਰੀਅਰ ਸ਼ੁਰੂ ਕਰਨ ਵਾਲੀ ਨੁਸਰਤ ਜਹਾਂ ਨੇ ਅਭਿਨੇਤਰੀ ਦੇ ਤੌਰ ਉੱਤੇ ਵੱਖਰੀ ਪਛਾਣ ਬਣਾਈ ਅਤੇ ਇਸ ਵਾਰ ਪਾਰਲੀਮੈਂਟ ਵਿੱਚ ਪਹੁੰਚਣ ਵਿੱਚ ਸਫਲ ਹੋ ਗਈ ਹੈ।



ਨੁਸਰਤ ਨੇ ਇਸ ਵਾਰ ਲੋਕ ਸਭਾ ਚੋਣਾਂ ਜਿੱਤ ਕੇ ਸਿਆਸਤ ਵਿੱਚ ਆਗਾਜ਼ ਕੀਤਾ। ਉਸ ਨੇ ਤ੍ਰਿਣਮੂਲ ਕਾਂਗਰਸ ਦੀ ਟਿਕਟ ਉੱਤੇ ਬਸ਼ੀਰਹਾਟ ਹਲਕੇ ਤੋਂ ਚੋਣ ਲੜੀ, ਜਿੱਥੇ ਉਨ੍ਹਾਂ ਦਾ ਮੁਕਾਬਲਾ ਭਾਜਪਾ ਦੇ ਸਾਯੰਤਨ ਬਸੂ ਨਾਲ ਹੋਇਆ। ਨੁਸਰਤ ਨੇ ਬਸੂ ਨੂੰ ਸਾਢੇ 3 ਲੱਖ ਤੋਂ ਵੱਧ ਵੋਟਾਂ ਨਾਲ ਹਰਾਇਆ ਹੈ। ਉਹ ਸੋਸ਼ਲ ਮੀਡੀਆ ਉੱਤੇ ਬੜੀ ਪਾਪੂਲਰ ਹੈ ਅਤੇ ਆਪਣੀਆਂ ਗਲੈਮਰਸ ਤਸਵੀਰਾਂ ਸ਼ੇਅਰ ਕਰਦੀ ਰਹਿੰਦੀ ਹੈ। ਉਨ੍ਹਾਂ ਦੇ ਇੰਸਟਾਗ੍ਰਾਮ ਦੇ 13 ਲੱਖ ਪ੍ਰਸ਼ੰਸਕ ਹਨ। ਨੁਸਰਤ ਜਹਾਂ ਦਾ ਜਨਮ ਪੱਛਮੀ ਬੰਗਾਲ ਦੀ ਰਾਜਧਾਨੀ ਕੋਲਕਾਤਾ ਵਿਚ 8 ਜਨਵਰੀ 1990 ਨੂੰ ਹੋਇਆ ਸੀ ਤੇ ਉਸ ਨੇ ਸ਼ੁਰੂ ਦੀ ਸਿੱਖਿਆ ਆਵਰ ਲੇਡੀ ਕੁਈਨ ਆਫ ਦਿ ਮਿਸ਼ਨ ਸਕੂਲ ਤੋਂ ਹਾਸਲ ਕੀਤੀ। ਇਸ ਤੋਂ ਬਾਅਦ ਭਵਾਨੀਪੁਰ ਕਾਲਜ ਤੋਂ ਉਨ੍ਹਾਂ ਨੇ ਕਾਮਰਸ ਦੀ ਗਰੈਜੂਏਟ ਕੀਤੀ ਤੇ ਸਾਲ 2010 ਵਿੱਚ 'ਬਿਊਟੀ ਕੰਟੈਸਟ ਫੇਅਰ-ਵਨ ਮਿਸ ਕੋਲਕਾਤਾ' ਜਿੱਤਿਆ ਸੀ। ਉਸ ਦੇ ਬਾਅਦ ਉਨ੍ਹਾਂ ਨੇ ਮਾਡਲਿੰਗ ਕਰੀਅਰ ਦੀ ਸ਼ੁਰੂਆਤ ਕੀਤੀ। ਨੁਸਰਤ ਨੇ ਸਾਲ 2011 ਵਿਚ ਰਾਜ ਚੱਕਰਵਤੀ ਦੇ ਨਿਰਦੇਸ਼ਨ ਵਿਚ ਬਣੀ ਬੰਗਲਾ ਫਿਲਮ ਸ਼ੋਤਰੂ ਤੋਂ ਡੈਬਿਊ ਕੀਤਾ ਅਤੇ ਇਸ ਵਿਚ ਉਸ ਦੇ ਕੰਮ ਦੀ ਕਾਫੀ ਸ਼ਲਾਘਾ ਹੋਈ ਸੀ। ਫਿਰ ਨੁਸਰਤ ਜਹਾਂ ਨੇ ਖੋਕਾ 420, ਬੋਲੋ ਦੁਰਗਾ ਮਾਈ ਕੀ ਜੈ, ਹਰ ਹਰ ਬਯੋਮਕੇਸ਼, ਜਮਾਈ 420, ਨਕਾਬ, ਲਵ ਐਕਸਪ੍ਰੈੱਸ, ਖਿਡਾਰੀ, ਯੋਧਾ, ਵਨ, ਅਮੀ ਜੇ ਕੇ ਤੋਮਾਰ ਆਦਿ ਕਈ ਫਿਲਮਾਂ ਵਿਚ ਅਭਿਨੈ ਕੀਤਾ।

## ਸ਼ਿਲਾਂਗ ਵਿਚਲੇ ਪੰਜਾਬੀਆਂ ਦੇ ਘਰਾਂ ਉੱਤੇ ਨਾਗਰਿਕਤਾ ਨੋਟਿਸ ਲਾ ਦਿੱਤੇ ਗਏ

ਸ਼ਿਲਾਂਗ, 2 ਜੂਨ, (ਪੋਸਟ ਬਿਊਰੋ)- ਮੇਘਾਲਿਆ ਸਰਕਾਰ ਨੇ ਰਾਜਧਾਨੀ ਸ਼ਿਲਾਂਗ ਦੇ ਪੰਜਾਬੀ ਲੇਨ ਇਲਾਕੇ ਵਿੱਚ ਧਾਰਾ 144 ਲਾਗੂ ਕਰ ਕੇ ਮਨਾਹੀ ਦੇ ਹੁਕਮ ਜਾਰੀ ਕੀਤੇ ਤੇ ਓਥੇ ਵੱਸਦੇ ਪੰਜਾਬੀਆਂ ਨੂੰ ਨੋਟਿਸ ਜਾਰੀ ਕਰ ਕੇ ਕਿਹਾ ਹੈ ਕਿ ਉਹ ਇਸ ਇਲਾਕੇ ਵਿੱਚ ਕਾਨੂੰਨੀ ਤੌਰ ਉੱਤੇ ਆਪਣੇ ਰਹਿਣ ਨੂੰ ਸਾਬਤ ਕਰਨ ਲਈ ਆਪਣੇ ਦਸਤਾਵੇਜ਼ ਇਕ ਮਹੀਨੇ ਅੰਦਰ ਪੇਸ਼ ਕਰਨ। ਇਸ ਪੰਜਾਬੀ ਲੇਨ ਇਲਾਕੇ ਵਿਚ ਬਹੁਤੇ ਉਹ ਪੰਜਾਬੀ ਲੋਕ ਰਹਿੰਦੇ ਹਨ, ਜਿਨ੍ਹਾਂ ਦੇ ਬਜ਼ੁਰਗਾਂ ਨੂੰ 200 ਸਾਲ ਪਹਿਲਾਂ ਅੰਗਰੇਜ਼ਾਂ ਨੇ ਸਫ਼ਾਈ ਦੇ ਕੰਮ ਕਰਨ ਲਈ ਏਥੇ ਲਿਆਂਦਾ ਸੀ।



ਵਰਣਨ ਯੋਗ ਹੈ ਕਿ ਪਿਛਲੇ ਸਾਲ ਮਈ ਵਿੱਚ ਇਸ ਇਲਾਕੇ ਵਿੱਚ ਹਿੰਸਕ ਘਟਨਾਵਾਂ ਪਿੱਛੋਂ ਕਰਫਿਊ ਲਾ ਦਿੱਤਾ ਗਿਆ, ਜਿਹੜਾ ਕਰੀਬ ਇਕ ਮਹੀਨਾ ਲਾਗੂ ਰਿਹਾ ਅਤੇ ਇਸ ਦੌਰਾਨ ਇਨ੍ਹਾਂ ਲੋਕਾਂ ਦਾ ਕਾਫੀ ਨੁਕਸਾਨ ਹੋਇਆ ਸੀ। ਪਤਾ ਲੱਗਾ ਹੈ ਕਿ ਬੀਤੇ ਸ਼ੁੱਕਰਵਾਰ ਨੂੰ ਮੇਘਾਲਿਆ ਸਰਕਾਰ ਦੀ ਉੱਚ ਪੱਧਰੀ ਕਮੇਟੀ ਦੇ ਹੁਕਮ ਅਧੀਨ ਸ਼ਿਲਾਂਗ ਮਿਊਂਸਪਲ ਬੋਰਡ (ਐੱਸ ਐੱਮ ਬੀ) ਦੇ ਅਧਿਕਾਰੀਆਂ ਨੇ ਇਨ੍ਹਾਂ ਪੰਜਾਬੀਆਂ ਨੂੰ ਨੋਟਿਸ ਜਾਰੀ ਕੀਤੇ ਅਤੇ ਇਨ੍ਹਾਂ ਦੇ ਘਰਾਂ ਮੂਹਰੇ ਲਾ ਦਿੱਤੇ ਹਨ। ਈਸਟ ਖਾਸੀ ਹਿੱਲ ਜ਼ਿਲ੍ਹਾ ਪ੍ਰਸ਼ਾਸਨ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਪੰਜਾਬੀ ਲੇਨ ਇਲਾਕੇ ਵਿੱਚ ਮਨਾਹੀ ਦੇ ਹੁਕਮ ਲਾਗੂ ਕਰਨ ਦੇ ਨਾਲ ਧਾਰਾ 144 ਲਾਗੂ ਕੀਤੀ ਗਈ ਹੈ, ਕਿਉਂਕਿ ਖ਼ੁਫ਼ੀਆ ਵਿਭਾਗ ਦੀ ਸੂਚਨਾ ਅਨੁਸਾਰ ਇਸ ਇਲਾਕੇ ਵਿਚ ਦੰਗੇ ਭੜਕਣ ਦਾ ਡਰ ਦਿਖਾਈ ਦੇਂਦਾ ਹੈ।

ਮਿਊਂਸਪਲ ਅਧਿਕਾਰੀਆਂ ਨੇ ਦੱਸਿਆ ਕਿ ਕਈ ਘਰਾਂ ਵਿੱਚ ਨੋਟਿਸ ਓਥੇ ਰਹਿਣ ਵਾਲਿਆਂ ਨੂੰ ਦਿੱਤੇ ਹਨ ਤੇ ਕੁਝ ਘਰਾਂ ਦੇ ਬਾਹਰਲੇ ਦਰਵਾਜ਼ੇ ਉੱਤੇ ਲਾਏ ਹਨ, ਜਿਨ੍ਹਾਂ ਵਿੱਚ ਦਰਜ ਹੈ ਕਿ ਏਥੋਂ ਦੇ ਲੋਕ ਜ਼ਮੀਨ ਜਾਂ ਮਕਾਨ ਦੇ ਕਾਗਜ਼ਾਤ ਤੇ ਉਥੇ ਰਹਿਣ ਦੇ ਸਮੇਂ ਦੀ ਵਿਸਥਾਰ ਵਿੱਚ ਜਾਣਕਾਰੀ ਦੇਣ। ਇਸ ਨੋਟਿਸ ਵਿੱਚ ਕਿਹਾ ਗਿਆ ਹੈ ਕਿ ਪੰਜਾਬੀ ਲੇਨ ਦੇ ਲੋਕਾਂ ਵੱਲੋਂ ਦਿੱਤੀ ਜਾਣਕਾਰੀ ਰਾਜ ਸਰਕਾਰ ਨੂੰ ਥੋੜ੍ਹੇ ਤੇ ਲੰਬੇ ਸਮੇਂ ਲਈ ਨੀਤੀਆਂ ਬਣਾਉਣ ਵਿਚ ਮਦਦ ਕਰੇਗੀ। ਮਿਊਂਸਪਲ ਬੋਰਡ ਦੇ ਐਗਜ਼ੈਕਟਿਵ ਅਫਸਰ ਐੱਸ ਬੀ ਸੋਹਲੀਆ ਨੇ ਕਿਹਾ ਕਿ ਪੰਜਾਬੀ ਲੇਨ ਦੇ ਲੋਕਾਂ ਨੂੰ 3 ਜੂਨ ਤੋਂ 3 ਜੁਲਾਈ ਤਕ ਨੋਟਿਸ ਦਾ ਜਵਾਬ ਦੇਣ ਨਮੂ ਕਿਹਾ ਗਿਆ ਹੈ। ਇਕ ਮਹੀਨੇ ਦੇ ਉਡੀਕ ਪਿੱਛੋਂ ਮਿਊਂਸਪਲ ਬੋਰਡ ਮੇਘਾਲਿਆ ਦੀ ਰਾਜ ਸਰਕਾਰ ਦੀ ਉੱਚ ਪੱਧਰੀ ਕਮੇਟੀ ਨੂੰ ਆਪਣੀ ਰਿਪੋਰਟ ਦੇ ਦੇਵੇਗਾ।

ਪਤਾ ਲੱਗਾ ਹੈ ਕਿ ਸ਼ਿਲਾਂਗ ਮਿਊਂਸਪਲ ਬੋਰਡ ਦੇ ਤਾਜ਼ਾ ਸਰਵੇ ਅਨੁਸਾਰ ਸਵੀਪਰ ਕਾਲੋਨੀ ਕਹੀ ਜਾਂਦੀ ਪੰਜਾਬੀ ਲੇਨ ਵਿਚ 300 ਤੋਂ ਵੱਧ ਪਰਿਵਾਰ ਹਨ ਅਤੇ ਹਾਲੇ ਤਕ ਕੇਵਲ 184 ਲੋਕ ਹੀ ਕਾਨੂੰਨੀ ਦਸਤਾਵੇਜ਼ ਪੇਸ਼ ਕਰ ਸਕੇ ਹਨ। ਰਾਜ ਸਰਕਾਰ ਦੇ ਅਧਿਕਾਰੀਆਂ ਦਾ ਦਾਅਵਾ ਹੈ ਕਿ ਪਿਛਲੇ ਸਾਲ ਕਰਵਾਏ ਸਰਵੇ ਦੌਰਾਨ ਇਨ੍ਹਾਂ ਪੰਜਾਬੀ ਲੋਕਾਂ ਨੇ ਕੋਈ ਸਹਿਯੋਗ ਨਹੀਂ ਕੀਤਾ, ਜਿਸ ਕਰਕੇ ਡਿਪਟੀ ਮੁੱਖ ਮੰਤਰੀ ਪ੍ਰੈਸਟੋਨ ਟਾਈਨਸੋਂਗ ਨੇ ਕਿਹਾ ਕਿ ਇਹ ਪੰਜਾਬੀ ਲੇਨ ਦੇ ਲੋਕਾਂ ਨੂੰ ਦੂਜਾ ਤੇ ਆਖਰੀ ਮੌਕਾ ਦਿੱਤਾ ਜਾ ਰਿਹਾ ਹੈ ਕਿ ਉਹ ਸਰਕਾਰ ਦਾ ਸਾਥ ਦੇਣ।

ਸਥਾਨਕ ਪੰਜਾਬੀ ਭਾਈਚਾਰੇ ਨੇ ਪਿਛਲੇ ਸਾਲ ਦਸੰਬਰ ਵਿੱਚ ਗਵਰਨਰ ਤਥਾਗਤ ਰਾਏ ਨੂੰ ਪੱਤਰ ਲਿਖ ਕੇ ਮੰਗ ਕੀਤੀ ਸੀ ਕਿ ਸਰਕਾਰ ਵੱਲੋਂ ਉਨ੍ਹਾਂ ਦੇ ਉਜਾੜੇ ਦੀ ਕੋਸ਼ਿਸ਼ ਨੂੰ ਰੋਕਿਆ ਜਾਏ। ਇਸ ਇਲਾਕੇ ਵਿੱਚ 29 ਮਈ 2018 ਨੂੰ ਓਦੋਂ ਹਿੰਸਕ ਝੜਪਾਂ ਹੋਈਆਂ ਸਨ, ਜਦੋਂ ਇਕ ਬੱਸ ਡਰਾਈਵਰ ਤੇ ਉਸ ਦੇ ਦੋਸਤ ਉੱਤੇ ਹਮਲਾ ਕਰਕੇ ਉਨ੍ਹਾਂ ਨੂੰ ਜ਼ਖ਼ਮੀ ਕਰ ਦਿੱਤਾ ਗਿਆ ਸੀ। ਉਨ੍ਹਾਂ ਘਟਨਾਵਾਂ ਪਿੱਛੋਂ ਕਰਫਿਊ ਲਾਇਆ ਗਿਆ ਸੀ, ਜਿਹੜਾ ਲਗਪਗ ਇਕ ਮਹੀਨਾ ਲਾਗੂ ਰਿਹਾ ਸੀ। ਇਸ ਪਿੱਛੋਂ ਪੰਜਾਬ ਸਰਕਾਰ ਦੇ ਇਕ ਵਫ਼ਦ ਨੇ ਸ਼ਿਲਾਂਗ ਪੁੱਜ ਕੇ ਮੁੱਖ ਮੰਤਰੀ ਕੋਨਾਰਡ ਕੇ. ਸੰਗਮਾ ਨਾਲ ਮੁਲਾਕਾਤ ਕੀਤੀ ਤੇ ਇਸ ਮਸਲੇ ਨੂੰ ਹੱਲ ਕਰਨ ਲਈ ਕਿਹਾ ਸੀ। ਪੰਜਾਬ ਸਰਕਾਰ ਵੱਲੋਂ ਪ੍ਰਭਾਵਿਤ ਪੰਜਾਬੀਆਂ ਵਾਸਤੇ ਜਾਰੀ ਕੀਤੀ ਗਈ 60 ਲੱਖ ਰੁਪਏ ਦੀ ਮਦਦ ਤੋਂ ਵੀ ਮੇਘਾਲਿਆ ਸਰਕਾਰ ਨੇ ਕਾਫੀ ਸਖ਼ਤ ਨਾਰਾਜ਼ਗੀ ਵਿਖਾਈ ਸੀ।

## ਲੋਕ ਸਭਾ ਚੋਣਾਂ ਵਿੱਚ ਫਰਜ਼ੀ ਵੋਟਾਂ ਦੀਆਂ ਖਬਰਾਂ ਨੂੰ ਚੋਣ ਕਮਿਸ਼ਨ ਨੇ ਗਲਤ ਕਿਹਾ




ਨਵੀਂ ਦਿੱਲੀ, 2 ਜੂਨ (ਪੋਸਟ ਬਿਊਰੋ)- ਚੋਣ ਕਮਿਸ਼ਨ ਨੇ ਲੋਕ ਸਭਾ ਚੋਣਾਂ ਵਿੱਚ ਫਰਜ਼ੀ ਵੋਟਾਂ ਬਾਰੇ ਰਿਪੋਰਟਾਂ ਨੂੰ ਗਲਤ ਦੱਸਦਿਆਂ ਕਿਹਾ ਕਿ ਇਹ ਦਾਅਵੇ ਉਨ੍ਹਾਂ ਦੀ ਵੈੱਬਸਾਈਟ 'ਤੇ ਅਪਲੋਡ ਹੋਏ ਮਤਦਾਨ ਫੀਸਦੀ ਦੇ ਆਰਜ਼ੀ ਅੰਕੜਿਆਂ 'ਤੇ ਆਧਾਰਤ ਹਨ। ਚੋਣ ਕਮਿਸ਼ਨ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਕਿ ਕਮਿਸ਼ਨ ਦੀ ਵੈੱਬਸਾਈਟ 'ਤੇ ਅਪਲੋਡ ਕੀਤਾ ਆਰਜ਼ੀ ਮਤਦਾਨ ਫੀਸਦੀ ਸਿਰਫ ਆਰਜ਼ੀ ਹੈ, ਅੰਤਿਮ ਗਿਣਤੀ ਨਹੀਂ, ਇਸ ਲਈ ਫਰਜ਼ੀ ਵੋਟਾਂ ਦੇ ਮਿਲਣ ਦਾ ਦਾਅਵਾ ਗਲਤ ਹੈ, ਅਜਿਹਾ ਕੁਝ ਨਹੀਂ ਹੋਇਆ ਹੈ।

ਮੀਡੀਆ ਦੇ ਇੱਕ ਹਿੱਸੇ ਵਿੱਚ ਕੁਝ ਰਾਜਾਂ 'ਚ ਕੁੱਲ ਮਤਦਾਨ ਅਤੇ ਅਸਲ ਵੋਟਰਾਂ ਦੀ ਗਿਣਤੀ ਵਿੱਚ ਫਰਕ ਹੋਣ ਦੀਆਂ ਰਿਪੋਰਟਾਂ ਆਉਣ ਤੋਂ ਬਾਅਦ ਚੋਣ ਕਮਿਸ਼ਨ ਨੇ ਇਹ ਪ੍ਰਤੀਕਰਮ ਦਿੱਤਾ ਹੈ। ਚੋਣ ਕਮਿਸ਼ਨ ਨੇ ਕਿਹਾ ਕਿ ਆਖਰੀ ਨਤੀਜੇ 'ਤੇ ਪਹੁੰਚਣ ਲਈ ਦੋ ਸ਼੍ਰੇਣੀਆਂ ਦੀਆਂ ਵੋਟਾਂ ਦੀ ਗਿਣਤੀ ਕੀਤੀ ਗਈ, ਇਕ ਜੋ ਵੋਟਿੰਗ ਮਸ਼ੀਨਾਂ ਵਿੱਚ ਪਾਈਆਂ ਗਈਆਂ ਸਨ ਅਤੇ ਦੂਸਰਾ ਪੋਸਟਲ ਬੈਲੇਟ ਸਨ। ਚੋਣ ਕਮਿਸ਼ਨ ਨੇ ਕਿਹਾ ਕਿ ਆਰਜ਼ੀ ਮਤਦਾਨ ਅੰਕੜਾ ਚੋਣ ਕਮਿਸ਼ਨ ਦੀ ਵੈੱਬਸਾਈਟ 'ਤੇ ਵੋਟਰ ਹੈਲਪਲਾਈਨ ਮੋਬਾਈਲ ਐਪ 'ਤੇ ਫੀਸਦੀ ਦੇ ਰੂਪ ਵਿੱਚ ਜਾਰੀ ਕੀਤਾ ਸੀ, ਜਿਸ ਨੂੰ ਸੈਕਟਰ ਮੈਜਿਸਟਰੇਟਾਂ ਤੋਂ ਮਿਲੇ ਅੰਦਾਜ਼ਨ ਮਤਦਾਨ ਫੀਸਦੀ ਦੇ ਆਧਾਰ 'ਤੇ ਵੋਟਿੰਗ ਵਾਲੇ ਦਿਨ ਰਿਟਰਨਿੰਗ ਅਧਿਕਾਰੀ /ਵਧੀਕ ਰਿਟਰਨਿੰਗ ਅਧਿਕਾਰੀ ਨੇ ਅਪਲੋਡ ਕੀਤਾ ਸੀ। ਇਸ ਨੂੰ ਉਹ ਲੋਕ ਆਪਣੇ ਆਪਣੇ ਖੇਤਰ ਦੇ ਕਰੀਬ 10 ਅਧਿਕਾਰੀਆਂ ਤੋਂ ਫੋਨ ਜਾਂ ਨਿੱਜੀ ਰੂਪ ਨਾਲ ਸਮੇਂ ਸਮੇਂ 'ਤੇ ਪ੍ਰਾਪਤ ਕਰਦੇ ਹਨ। ਚੋਣ ਕਮਿਸ਼ਨ ਨੇ ਕਿਹਾ ਕਿ ਇਹ ਸਾਰੇ ਅੰਕੜੇ ਆਰਜ਼ੀ ਹਨ, ਜੋ ਅਨੁਮਾਨ 'ਤੇ ਆਧਾਰਤ ਹਨ ਅਤੇ ਜਿਹੜੇ ਅੱਗੇ ਜਾ ਕੇ ਬਦਲ ਜਾਂਦੇ ਹਨ।

## ਚਾਰ ਸਾਲ ਦੀ ਬੇਟੀ ਤੇ ਪਤਨੀ ਦਾ ਕਤਲ ਕਰ ਕੇ ਖ਼ੁਦ ਨੂੰ ਵੀ ਗੋਲੀ ਮਾਰ ਲਈ

ਬਾਦਲੀ, 2 ਜੂਨ (ਪੋਸਟ ਬਿਊਰੋ)- ਇੱਕ ਨੌਜਵਾਨ ਨੇ ਆਪਣੀ ਲਾਇਸੈਂਸੀ ਰਿਵਾਲਵਰ ਨਾਲ ਪਤਨੀ ਤੇ ਬੇਟੀ ਦੀ ਗੋਲੀ ਮਾਰ ਕੇ ਹੱਤਿਆ ਕਰਨ ਪਿੱਛੋਂ ਖੁਦ ਨੂੰ ਗੋਲੀ ਮਾਰ ਕੇ ਜਾਨ ਦੇ ਦਿੱਤੀ। ਇੱਕ ਸੁਸਾਈਡ ਨੋਟ ਉਸ ਨੇ ਲਿਖਿਆ ਹੈ, 'ਪੂਰੇ ਮਾਮਲੇ ਲਈ ਮੈਂ ਖੁਦ ਜ਼ਿੰਮੇਵਾਰ ਹਾਂ। ਕਿਸੇ ਦਾ ਕੋਈ ਦੋਸ਼ ਨਹੀਂ। ਕਿਸੇ ਨੂੰ ਪ੍ਰੇਸ਼ਾਨ ਨਾ ਕੀਤਾ ਜਾਏ।'

ਝੱਜਰ ਦੇ ਬਾਦਲੀ ਖੇਤਰ ਦੇ ਪਿੰਡ ਲਾਡਪੁਰ ਦਾ 36 ਸਾਲਾ ਦਿਨੇਸ਼ ਦਿੱਲੀ ਦੇ ਕਨਾਟ ਪਲੇਸ ਵਿੱਚ ਇੱਕ ਵਪਾਰੀ ਦੇ ਕੋਲ ਨਿੱਜੀ ਸੁਰੱਖਿਆ ਅਧਿਕਾਰੀ (ਪੀ ਐੱਸ ਓ) ਲੱਗਾ ਸੀ। ਉਹ ਦੋ ਮਹੀਨੇ ਵਿੱਚ ਇੱਕ ਵਾਰ ਘਰ ਆਉਂਦਾ ਸੀ। ਪਿਛਲੇ ਡੇਢ ਸਾਲ ਤੋਂ ਦਿਨੇਸ਼ ਤੇ ਉਸ ਦਾ ਵੱਡਾ ਭਰਾ ਮੁਕੇਸ਼ ਮਕਾਨ ਬਣਾ ਰਹੇ ਸਨ। ਇਸ ਲਈ ਦਿਨੇਸ਼ ਛੁੱਟੀ ਲੈ ਕੇ ਘਰ ਆਇਆ ਸੀ। ਮਕਾਨ ਬਣਨ ਦੇ ਕਾਰਨ ਦਿਨੇਸ਼ ਆਪਣੇ ਤਾਊ ਦੇ ਮਕਾਨ ਵਿੱਚ ਰਹਿ ਰਿਹਾ ਸੀ, ਜਿੱਥੇ ਉਸ ਦੇ ਪਰਵਾਰ ਦੇ ਇਲਾਵਾ ਕੋਈ ਨਹੀਂ ਰਹਿੰਦਾ ਸੀ। ਕੱਲ੍ਹ ਸਵੇਰੇ ਪਰਵਾਰ ਜਦ ਦੇਰ ਤੱਕ ਨਾ ਉਠਿਆ ਤਾਂ ਉਸ ਦਾ ਭਰਾ ਮੁਕੇਸ਼ ਉਥੇ ਗਿਆ ਅਤੇ ਉਸ ਨੇ ਦੇਖਿਆ ਕਿ ਦਿਨੇਸ਼ ਦੀ ਪਤਨੀ ਕਵਿਤਾ (34) ਅਤੇ ਬੇਟੀ ਤ੍ਰਿਸ਼ਿਆ (4) ਦੀ ਲਾਸ਼ ਬੈੱਡ ਅਤੇ ਦਿਨੇਸ਼ ਦੀ ਲਾਸ਼ ਫਰਸ਼ 'ਤੇ ਪਈ ਸੀ। ਦਿਨੇਸ਼ ਦਾ 9 ਸਾਲ ਦਾ ਬੇਟਾ ਰਿਤੇਸ਼ ਆਪਣੇ ਤਾਊ ਦੇ ਘਰ ਸੀ। ਇਸ ਲਈ ਉਹ ਬਚ ਗਿਆ।

## ਸੋਨੀਆ ਗਾਂਧੀ ਕਾਂਗਰਸ ਪਾਰਲੀਮੈਂਟ ਪਾਰਟੀ ਦੀ ਚੌਥੀ ਵਾਰ ਨੇਤਾ ਚੁਣੀ ਗਈ

ਨਵੀਂ ਦਿੱਲੀ, 2 ਜੂਨ, (ਪੋਸਟ ਬਿਊਰੋ)- ਕਾਂਗਰਸ ਪਾਰਲੀਮੈਂਟਰੀ ਪਾਰਟੀ ਦੇ ਲੀਡਰ ਲਈ ਇਕ ਵਾਰ ਫਿਰ ਪਾਰਟੀ ਨੇ ਸੋਨੀਆ ਗਾਂਧੀ ਉੱਤੇ ਭਰੋਸਾ ਪ੍ਰਗਟ ਕੀਤਾ ਹੈ। ਇਸ ਪਾਰਟੀ ਦੇ ਲੋਕ ਸਭਾ ਲਈ ਨਵੇਂ ਚੁਣੇ ਅਤੇ ਰਾਜ ਸਭਾ ਦੇ ਮੈਂਬਰਾਂ ਦੀ ਮੀਟਿੰਗ ਵਿਚ ਸੋਨੀਆ ਗਾਂਧੀ ਨੂੰ ਸਰਬ ਸੰਮਤੀ ਨਾਲ ਪਾਰਲੀਮੈਂਟਰੀ ਨੇਤਾ ਚੁਣਿਆ ਗਿਆ ਹੈ।



ਅੱਜ ਏਥੇ ਹੋਈ ਮੀਟਿੰਗ ਵਿੱਚ ਸੋਨੀਆ ਗਾਂਧੀ ਦੇ ਨੇਤਾ ਚੁਣੇ ਜਾਣ ਪਿੱਛੋਂ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਕਿਹਾ ਕਿ ਭਾਵੇਂ ਲੋਕ ਸਭਾ ਵਿੱਚ ਕਾਂਗਰਸ ਦੇ 52 ਮੈਂਬਰ ਹਨ, ਪਰ ਭਾਜਪਾ ਨਾਲ ਇੰਚ-ਇੰਚ ਦੀ ਲੜਾਈ ਦੇ ਲਈ ਇਹ ਕਾਫ਼ੀ ਹਨ। ਲੋਕ ਸਭਾ ਚੋਣਾਂ ਵਿਚ ਮਾੜੇ ਪ੍ਰਦਰਸ਼ਨ ਪਿੱਛੋਂ ਪਾਰਟੀ ਦੀਆਂ ਸਿਆਸੀ ਚੁਣੌਤੀਆਂ ਉੱਤੇ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਕਾਂਗਰਸ ਸਾਹਮਣੇ ਅੱਜ ਵੀ ਓਦਾਂ ਦੀ ਸਥਿਤੀ ਹੈ, ਜਿੱਦਾਂ ਦੀ ਅੰਗਰੇਜ਼ਾਂ ਵੇਲੇ ਸੀ, ਜਦੋਂ ਕੋਈ ਧਿਰ ਸਾਡਾ ਸਮਰਥਨ ਨਹੀਂ ਕਰ ਰਹੀ ਸੀ। ਰਾਹੁਲ ਗਾਂਧੀ ਨੇ ਅਜੋਕੇ ਸਿਆਸੀ ਹਾਲਾਤ ਦੀ ਤੁਲਨਾ ਬ੍ਰਿਟਿਸ਼ ਰਾਜ ਨਾਲ ਕਰ ਕੇ ਸੰਦੇਸ਼ ਦਿੱਤਾ ਕਿ ਚੋਣਾਂ ਵਿਚ ਹਾਰ ਦੇ ਬਾਵਜੂਦ ਉਹ ਆਪਣੀ ਹਮਲਾਵਰ ਕਿਸਮ ਦੀ ਸਿਆਸਤ ਵਿੱਚ ਬਦਲਾਅ ਨਹੀਂ ਕਰਨਗੇ।

ਇਸ ਮੌਕੇ ਸੋਨੀਆ ਗਾਂਧੀ ਨੇ ਵਿਰੋਧੀ ਧਿਰ ਦੀ ਹਾਂ-ਪੱਖੀ ਭੂਮਿਕਾ ਨਿਭਾਉਣ ਦੀ ਗੱਲ ਕਹਿੰਦੇ ਹੋਏ ਇਹ ਦਾਅਵਾ ਕੀਤਾ ਕਿ ਆਰਥਿਕ ਸੁਧਾਰਾਂ ਸਮੇਤ ਸਾਰੀਆਂ ਅੱਗੇ ਵਧੂ ਅਤੇ ਲੋਕ ਪੱਖੀ ਨੀਤੀਆਂ ਉੱਤੇ ਸਰਕਾਰ ਦਾ ਕਾਂਗਰਸ ਸਮਰਥਨ ਕਰੇਗੀ, ਪਰ ਵੰਡ ਪਾਊ ਕਦਮਾਂ ਦਾ ਵਿਰੋਧ ਕਰੇਗੀ। ਪਾਰਲੀਮੈਂਟ ਦੇ ਕੇਂਦਰੀ ਹਾਲ ਵਿਚ ਕਾਂਗਰਸ ਪਾਰਲੀਮੈਂਟਰੀ ਪਾਰਟੀ ਦੀ ਮੀਟਿੰਗ ਵਿੱਚ ਨੇਤਾ ਬਣਨ ਲਈ ਸੋਨੀਆ ਗਾਂਧੀ ਦਾ ਨਾਂ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਪੇਸ਼ ਕੀਤਾ ਅਤੇ ਕੇਰਲ ਦੇ ਲੋਕ ਸਭਾ ਮੈਂਬਰ ਕੇ. ਸੁਧਾਕਰਨ ਅਤੇ ਤਾਮਿਲ ਨਾਡੂ ਦੀ ਲੋਕ ਸਭਾ ਮੈਂਬਰ ਜੋਤੀਮਣੀ ਐੱਸ. ਨੇ ਤਾਈਦ ਕੀਤੀ ਤਾਂ ਪਾਰਟੀ ਦੇ ਸਾਰੇ 52 ਲੋਕ ਸਭਾ ਤੇ ਰਾਜ ਸਭਾ ਮੈਂਬਰਾਂ ਨੇ ਹੱਥ ਉਠਾ ਕੇ ਸੋਨੀਆ ਗਾਂਧੀ ਦੇ ਨੇਤਾ ਚੁਣੇ ਜਾਣ ਨੂੰ ਪ੍ਰਵਾਨਗੀ ਦੇ ਦਿੱਤੀ। ਸੋਨੀਆ ਗਾਂਧੀ ਨੂੰ ਲੋਕ ਸਭਾ ਵਿੱਚ ਕਾਂਗਰਸ ਦਾ ਨੇਤਾ ਚੁਣਨ ਦਾ ਅਧਿਕਾਰ ਵੀ ਦੇ ਦਿੱਤਾ ਗਿਆ।

ਕਈ ਦਿਨਾਂ ਤੋਂ ਚੁੱਪ ਬੈਠੇ ਰਾਹੁਲ ਗਾਂਧੀ ਨੇ ਅੱਜ ਇਸ ਮੀਟਿੰਗ ਵਿੱਚ ਆਪਣੇ ਸੰਖੇਪ ਭਾਸ਼ਣ ਵਿਚ ਪਾਰਲੀਮੈਂਟ ਦੇ ਕਾਂਗਰਸੀ ਮੈਂਬਰਾਂ ਨੂੰ ਕਿਹਾ ਕਿ ਸਾਨੂੰ ਯਾਦ ਰੱਖਣਾ ਪਵੇਗਾ ਕਿ ਅਸੀਂ ਸੰਵਿਧਾਨ ਲਈ ਲੜ ਰਹੇ ਹਾਂ, ਜਾਤ, ਧਰਮ, ਰੰਗ, ਰੂਪ ਤੇ ਰਾਜਾਂ ਦੀ ਸੋਚ ਤੋਂ ਉੱਪਰ ਉੱਠ ਕੇ ਬਿਨਾਂ ਵਿਤਕਰੇ ਤੋਂ ਹਰ ਨਾਗਰਿਕ ਲਈ ਲੜ ਰਹੇ ਹਾਂ। ਇਸ ਵਿਚ ਲੋਕ ਸਭਾ ਦੀਆਂ ਘੱਟ ਸੀਟਾਂ ਨਾਲ ਅੜਿੱਕਾ ਨਹੀਂ ਪਵੇਗਾ। ਉਨ੍ਹਾਂ ਕਿਹਾ ਕਿ ਪਿਛਲੀ ਵਾਰ ਭਾਜਪਾ ਦੇ 282 ਦੇ ਮੁਕਾਬਲੇ ਸਾਡੀਆਂ 44 ਸੀਟਾਂ ਵੇਖ ਕੇ ਮੈਨੂੰ ਲੱਗਾ ਕਿ ਸਾਡੇ ਲਈ ਔਖਾ ਸਮਾਂ ਹੋਵੇਗਾ ਅਤੇ ਅਸੀਂ ਇਸ ਗਿਣਤੀ ਨਾਲ ਕੀ ਕਰਾਂਗੇ, ਪਰ ਕੁਝ ਹੀ ਹਫ਼ਤਿਆਂ ਵਿਚ ਅਹਿਸਾਸ ਹੋ ਗਿਆ ਕਿ 44 ਮੈਂਬਰ ਵੀ ਭਾਜਪਾ ਦੇ 282 ਦੇ ਮੁਕਾਬਲੇ ਲਈ ਕਾਫੀ ਹਨ। ਕਾਂਗਰਸ ਦੇ ਅੱਜ 52 ਲੋਕ ਸਭਾ ਮੈਂਬਰ ਵੀ ਭਾਜਪਾ ਨਾਲ ਇੰਚ-ਇੰਚ ਲੜਾਈ ਲਈ ਕਾਫ਼ੀ ਹਨ ਤੇ ਇਹ ਲੜਾਈ ਜਾਰੀ ਰੱਖਣਗੇ।

## ਹੋਟਲ ਵਾਲਿਆਂ ਨੇ ਫੌਜ ਦੇ ਜਵਾਨ ਨੂੰ ਦੌੜਾ-ਦੌੜਾ ਕੇ ਕੁੱਟਿਆ

ਬਾਗਪਤ, 2 ਜੂਨ (ਪੋਸਟ ਬਿਊਰੋ)- ਪਾਰਲੀਮੈਂਟ ਚੋਣਾਂ ਹੋ ਜਾਣ ਤੋਂ ਬਾਅਦ ਉੱਤਰ ਪ੍ਰਦੇਸ਼ ਵਿੱਚ ਹਿੰਸਾ ਦੀਆਂ ਘਟਨਾਵਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਤਾਜ਼ਾ ਮਾਮਲਾ ਬਾਗਪਤ ਦੇ ਬੜੌਤ ਦਾ ਹੈ, ਜਿੱਥੇ ਇਕ ਹੋਟਲ ਵਿੱਚ ਖਾਣਾ ਖਾਣ ਦੇ ਵਿਵਾਦ ਵਿੱਚ ਹੋਟਲ ਦੇ ਮੁਲਾਜ਼ਮਾਂ ਨੇ ਫ਼ੌਜੀ ਅਤੇ ਉਸ ਦੇ ਬੱਚੇ ਨਾਲ ਇਕ ਨੌਜਵਾਨ ਨੂੰ ਵੀ ਦੱਬ ਕੇ ਕੁੱਟਿਆ। ਇਸ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਪੁਲਿਸ ਚੁਕੰਨੀ ਹੋ ਗਈ ਹੈ।

ਪਤਾ ਲੱਗਾ ਹੈ ਕਿ ਬਾਗਪਤ ਦੇ ਬੜੌਤ ਵਿੱਚ ਕੱਲ੍ਹ ਰਾਤ ਸੂਜਤੀ ਪਿੰਡ ਦਾ ਫੌਜੀ ਆਜ਼ਾਦ, ਇਕ ਬੱਚਾ ਅਤੇ ਅਮਿਤ ਰਾਠੀ ਤਹਿਸੀਲ ਦੇ ਸਾਹਮਣੇ ਹੋਟਲ ਵਿੱਚ ਖਾਣਾ ਖਾ ਰਹੇ ਸਨ। ਇਸ ਮੌਕੇ ਇਕ ਮੁਲਾਜ਼ਮ ਨੇ ਫ਼ੌਜੀ ਨੂੰ ਕੁਝ ਕਹਿ ਦਿੱਤਾ। ਫ਼ੌਜੀ ਦੇ ਮੁਤਾਬਿਕ ਇਸ ਗੱਲ ਪਿੱਛੋਂ ਦੂਜੇ ਮੁਲਾਜ਼ਮ ਵੀ ਆ ਗਏ ਤੇ ਉਨ੍ਹਾਂ ਦੀ ਕੁੱਟਮਾਰ ਸ਼ੁਰੂ ਕਰ ਦਿੱਤੀ। ਹੋਟਲ ਮੂਹਰੇ ਸੜਕ ਉੱਤੇ ਵੀ ਉਨ੍ਹਾਂ ਨੂੰ ਕੁੱਟਿਆ ਗਿਆ। ਫ਼ੌਜੀ ਨਾਲ ਬੱਚਾ ਤੇ ਹੋਰ ਪਰਵਾਰਕ ਮੈਂਬਰ ਵੀ ਜ਼ਖ਼ਮੀ ਹੋ ਗਏ। ਓਥੇ ਲੋਕਾਂ ਦੀ ਭੀੜ ਇਕੱਠੀ ਹੋ ਗਈ ਤੇ ਸੂਚਨਾ ਮਿਲਦੇ ਸਾਰ ਪੁਲਿਸ ਵੀ ਪਹੁੰਚੀ ਤੇ ਹੋਟਲ ਦੇ ਦੋ ਮੁਲਾਜ਼ਮਾਂ ਨੂੰ ਹਿਰਾਸਤ ਵਿੱਚ ਲੈ ਲਿਆ।



ਇੰਸਪੈਕਟਰ ਆਰ ਕੇ ਸਿੰਘ ਨੇ ਦੱਸਿਆ ਕਿ ਤਹਿਸੀਲ ਸਾਹਮਣੇ ਦੇ ਹੋਟਲ ਉਤੇ ਫ਼ੌਜੀ ਪਰਵਾਰ ਸਮੇਤ ਖਾਣਾ ਖਾ ਰਹੇ ਸਨ, ਜਦੋਂ ਉਨ੍ਹਾਂ ਨੂੰ ਕੁੱਟਿਆ ਗਿਆ ਹੈ।

ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਰਹੀ ਵੀਡੀਓ ਵਿੱਚ ਹੋਟਲ ਮਾਲਕ ਦੀ ਗੁੰਡਾਗਰਦੀ ਨਜ਼ਰ ਆ ਰਹੀ ਹੈ। ਓਥੇ ਬੇਰਹਿਮੀ ਨਾਲ ਹੋਟਲ ਮਾਲਕ ਦੇ ਗੁੰਡੇ ਦੋ ਨੌਜਵਾਨਾਂ ਨੂੰ ਸੜਕ ਉੱਤੇ ਘਸੀਟ-ਘਸੀਟ ਕੇ ਕੁੱਟ ਰਹੇ ਹਨ। ਇਸ ਮੌਕੇ ਕੋਈ ਰਾਡ ਨਾਲ ਉਸ ਦੇ ਸਿਰ ਉੱਤੇ ਵਾਰ ਕਰਦਾ ਤੇ ਕੋਈ ਪੈਰਾਂ ਉਤੇ। ਪੀੜਤ ਨੌਜਵਾਨ ਖ਼ੂਨ ਨਾਲ ਲਥਪਥ ਹੈ ਤੇ ਬਚਾਉਣ ਦੀ ਫ਼ਰਿਆਦ ਕਰ ਰਿਹਾ ਹੈ। ਇਨ੍ਹਾਂ ਗੁੰਡਿਆਂ ਦੀ ਦਹਿਸ਼ਤ ਇੰਨੀ ਹੈ ਕਿ ਕੋਈ ਬਚਾਅ ਕਰਨ ਨਹੀਂ ਆਇਆ।

## ਓਮ ਪ੍ਰਕਾਸ਼ ਚੌਟਾਲਾ ਨੇ ਮੁੱਖ ਮੰਤਰੀ ਖੱਟੜ ਨੂੰ ਨਕਾਰਾ ਪਸ਼ੂ ਕਿਹਾ

ਚੰਡੀਗੜ੍ਹ, 2 ਜੂਨ (ਪੋਸਟ ਬਿਊਰੋ)- ਲੋਕ ਸਭਾ ਚੋਣਾਂ ਦਾ ਦੌਰ ਖਤਮ ਹੋਣ ਪਿੱਛੋਂ ਹਰਿਆਣਾ ਵਿੱਚ ਛੇਤੀ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਬਾਰੇ ਸਿਆਸੀ ਪਾਰਟੀਆਂ ਵਿੱਚ ਮਾਹੌਲ ਗਰਮਾ ਗਿਆ ਹੈ। ਹਰਿਆਣਾ ਦੇ ਸਾਬਕਾ ਸੀ ਐੱਮ ਰਹੇ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਦੇ ਮੁਖੀ ਓਮ ਪ੍ਰਕਾਸ਼ ਚੌਟਾਲਾ ਨੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਬਾਰੇ ਬੜਾ ਇਤਰਾਜ਼ ਯੋਗ ਬਿਆਨ ਦਿੱਤਾ ਹੈ, ਜਿਸ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ।

ਚੌਟਾਲਾ ਨੇ ਪੈਰੋਲ ਉਤੇ ਰਿਹਾਅ ਹੋਣ ਮਗਰੋਂ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ, ਹਰਿਆਣਾ ਸੂਬੇ 'ਚ ਸਰਕਾਰ ਦੇ ਮੁੱਖ ਮੰਤਰੀ ਨੇ ਕਾਗਜ਼ਾਂ ਵਿੱਚ ਇੱਕ ਖਿੜਕੀ ਖੋਲ੍ਹੀ ਸੀ ਕਿ ਮੁੱਖ ਮੰਤਰੀ ਦੀ ਖਿੜਕੀ ਵਿੱਚ ਆ ਕੇ ਕੋਈ ਵੀ ਦਰਖਾਸਤ ਦੇਵੇ, ਉਸ ਦਾ ਕੰਮ ਹੋ ਜਾਵੇਗਾ। ਮੈਂ ਉਸ ਬਹਿਸ ਵਿੱਚ ਨਹੀਂ ਜਾਣਾ ਚਾਹਾਂਗਾ। ਤੁਸੀਂ ਸਾਰੇ ਸਭ ਕੁਝ ਜਾਣਦੇ ਹੋ। ਸਾਡੇ ਜੋ ਨਾਲਾਇਕ ਪਸ਼ੂ ਹੁੰਦੇ ਹਨ, ਜੋ ਨਕਾਰਾ ਹੋ ਜਾਂਦੇ ਹਨ, ਬੇਕਾਰ ਹੋ ਜਾਂਦੇ ਹਨ, ਭਾਵੇਂ ਉਹ ਦੁੱਧ ਦੇਣ ਵਾਲੇ ਪਸ਼ੂ ਹੋਣ ਜਾਂ ਦੂਸਰੇ, ਅਸੀਂ ਉਨ੍ਹਾਂ ਨੂੰ ਖੱਟੜ ਕਹਿੰਦੇ ਹਾਂ। ਇਹ ਨਕਾਰਾ ਹਰਿਆਣਾ ਸੂਬੇ ਵਿੱਚ ਆ ਗਿਆ ਹੈ। ਕਦੇ ਸੋਚਿਆ ਹੀ ਨਹੀਂ ਸੀ ਕਿ ਇਨ੍ਹਾਂ ਦਾ ਵੀ ਦਾਅ ਲੱਗੇਗਾ। ਇਹ ਦੇਸ਼ ਦੀ ਬਦਕਿਸਮਤੀ ਸੀ, ਸੂਬੇ ਦੀ ਮਾੜੀ ਕਿਸਮਤ ਸੀ। ਸਾਡਾ ਬਹੁਤ ਵੱਡਾ ਨੁਕਸਾਨ ਹੋਇਆ ਹੈ।"

ਓਮ ਪ੍ਰਕਾਸ਼ ਚੌਟਾਲਾ ਦੇ ਇਸ ਇਤਰਾਜ਼ ਯੋਗ ਬਿਆਨ 'ਤੇ ਮਨੋਹਰ ਲਾਲ ਖੱਟੜ ਨੇ ਕਿਹਾ ਕਿ ਇਸ ਤਰ੍ਹਾਂ ਦੀ ਗੈਰ ਮਰਿਆਦਾ ਵਾਲੀ ਭਾਸ਼ਾ ਦੀ ਵਰਤੋਂ ਲਈ ਜਨਤਾ ਉਨ੍ਹਾਂ ਨੂੰ ਸਬਕ ਸਿਖਾਏਗੀ। ਖੱਟੜ ਨੇ ਟਵਿੱਟਰ ਹੈਂਡਲ ਉਤੇ ਇਨੈਲੋ ਪ੍ਰਧਾਨ ਦੀ ਟਿੱਪਣੀ ਬਾਰੇ ਨਾਰਾਜ਼ਗੀ ਜ਼ਾਹਰ ਕਰਦਿਆਂ ਟਵੀਟ ਕੀਤਾ।


NEED A LAWYER ??
KAUR LAW OFFICE
Red Seal NOTARY

MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



UPPAL LAW
FREE CONSULTATION !
Avtar Uppal Manager
Aman Uppal BARRISTER, SOLICITOR

IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201

Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

# ਅਮਰੀਕਾ ਨੇ ਭਾਰਤ ਦਾ ਤਰਜੀਹੀ ਵਪਾਰ ਦਾ ਦਰਜਾ ਕੀਤਾ ਖਤਮ



ਵਾਸ਼ਿੰਗਟਨ, 2 ਜੂਨ, (ਪੋਸਟ ਬਿਊਰੋ)- ਅਮਰੀਕਾ ਨੇ ਭਾਰਤ ਨੂੰ ਦਿੱਤਾ ਹੋਇਆ ਤਰਜੀਹੀ ਵਪਾਰ ਪ੍ਰਬੰਧ ਵਾਲੇ ਦੇਸ਼ ਦਾ ਦਰਜਾ ਖਤਮ ਕਰ ਦਿੱਤਾ ਹੈ। ਰਾਸ਼ਟਰਪਤੀ ਟਰੰਪ ਦੇ ਪ੍ਰਸ਼ਾਸਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਡੋਨਾਲਡ ਟਰੰਪ ਦੇ ਬਹੁਤ ਕਰੀਬੀ ਸੰਬੰਧਾਂ ਦੇ ਬਾਵਜੂਦ ਇਹ ਕਦਮ ਚੁੱਕਿਆ ਹੈ।

ਇਸ ਸੰਬੰਧ ਵਿੱਚ ਡੋਨਾਲਡ ਟਰੰਪ ਦੀ ਸਰਕਾਰ ਨੇ ਕਿਹਾ ਹੈ ਕਿ ਮਾਰਚ ਵਿਚ ਇਸ ਮੁੱਦੇ ਉੱਤੇ ਚਰਚਾ ਸ਼ੁਰੂ ਹੋ ਗਈ ਸੀ, ਕਿਉਂਕਿ ਭਾਰਤ ਆਪਣੇ ਬਜ਼ਾਰਾਂ ਤੱਕ ਅਮਰੀਕਾ ਨੂੰ ਉਚਿਤ ਤੇ ਤਰਕ ਸੰਗਤ ਪਹੁੰਚ ਦਾ ਭਰੋਸਾ ਦਿਵਾਉਣ ਤੋਂ ਅਸਫਲ ਰਿਹਾ ਹੈ। ਇਕ ਅਧਿਕਾਰੀ ਮੁਤਾਬਕ ਮਾਰਚ ਵਿਚ ਇਹ ਤੈਅ ਹੋ ਗਿਆ ਸੀ ਕਿ ਭਾਰਤ ਨਾਲ ਤਰਜੀਹੀ ਵਪਾਰ ਵਿਵਸਥਾ ਨੂੰ ਅਮਰੀਕਾ ਖਤਮ ਕਰੇਗਾ। ਮੋਦੀ ਸਰਕਾਰ ਦੇ ਦੂਜੇ ਦੌਰ ਤੋਂ ਅਮਰੀਕਾ ਨੂੰ ਬਹੁਤ ਆਸਾਂ ਹਨ ਤੇ ਨੇੜ ਭਵਿੱਖ ਵਿੱਚ ਦੋਵੇਂ ਦੇਸ਼ ਮਿਲ ਕੇ ਕਿਵੇਂ ਕੰਮ ਕਰਨਗੇ, ਇਹ ਦੇਖਣਾ ਬਹੁਤ ਖਾਸ ਹੋਵੇਗਾ, ਪਰ ਅਮਰੀਕਾ ਦੇ ਇਸ ਤਾਜ਼ਾ ਕਦਮ ਨਾਲ ਭਾਰਤ ਤੋਂ ਹੋਣ ਵਾਲੇ ਐਕਸਪੋਰਟ ਉੱਤੇ ਫਰਕ ਪਵੇਗਾ।

ਵਰਨਣ ਯੋਗ ਹੈ ਕਿ ਅਮਰੀਕਾ, ਚੀਨ ਅਤੇ ਹੋਰ ਦੇਸ਼ਾਂ ਉੱਤੇ ਅਣਉਚਿਤ ਵਪਾਰ ਪ੍ਰਬੰਧਾਂ ਨੂੰ ਅਪਨਾਉਣ ਦਾ ਦੋਸ਼ ਲਗਦਾ ਰਿਹਾ ਹੈ। ਭਾਰਤ ਤੇ ਤੁਰਕੀ ਤੋਂ ਆਮ ਤਰਜੀਹੀ ਵਿਵਸਥਾ (ਜੀ ਐਸ ਪੀ) ਦਾ ਦਰਜਾ ਵਾਪਸ ਲਿਆ ਜਾਣਾ ਇਨ੍ਹਾਂ ਪੱਖਾਂ ਤੋਂ ਅਗਲਾ ਕਦਮ ਹੈ। ਅਮਰੀਕਾ ਦਾ ਵਪਾਰ ਘਾਟਾ ਘੱਟ ਕਰਨ ਦੀ ਕੋਸ਼ਿਸ਼ ਕਰਦੇ ਰਾਸ਼ਟਰਪਤੀ ਟਰੰਪ ਕਈ ਵਾਰ ਭਾਰਤ ਵਿੱਚ ਉੱਚੀ ਕਸਟਮ ਡਿਊਟੀ ਦਾ ਜ਼ਿਕਰ ਕਰ ਚੁੱਕੇ ਹਨ। ਅਮਰੀਕਨ ਪਾਰਲੀਮੈਂਟ ਦੇ ਹੇਠਲੇ ਹਾਊਸ, ਕਾਂਗਰਸ, ਦੀ ਜਨਵਰੀ ਵਿੱਚ ਛਾਪੀ ਗਈ ਰਿਪੋਰਟ ਮੁਤਾਬਕ ਸਾਲ 2017 ਵਿਚ ਭਾਰਤ ਇਸ ਪ੍ਰਬੰਧ ਦਾ ਸਭ ਤੋਂ ਵੱਡਾ ਲਾਭਪਾਤਰ ਦੇਸ਼ ਸੀ। ਭਾਰਤ ਨੇ ਇਸ ਸਾਲ ਅਮਰੀਕਾ ਨੂੰ ਬਿਨਾਂ ਕਿਸੇ ਕਸਟਮ ਡਿਊਟੀ ਦੇਣ ਤੋਂ ਹੀ 5.7 ਅਰਬ ਡਾਲਰ ਦਾ ਸਮਾਨ ਐਕਸਪੋਰਟ ਕੀਤਾ ਸੀ। ਤੁਰਕੀ 1.7 ਅਰਬ ਡਾਲਰ ਦੇ ਐਕਸਪੋਰਟ ਨਾਲ ਇਸ ਪੱਖੋਂ 5ਵੇਂ ਥਾਂ ਰਿਹਾ ਸੀ। ਅਮਰੀਕਾ ਦੀ ਸਰਕਾਰ ਨੇ ਅਪ੍ਰੈਲ 2018 ਵਿੱਚ ਭਾਰਤ ਦੇ ਜੀ ਐਸ ਪੀ ਦਰਜੇ ਦੀ ਘੋਖ ਸ਼ੁਰੂ ਕੀਤੀ ਸੀ। ਇਸ ਬਾਰੇ ਉਸ ਦਾ ਕਹਿਣਾ ਹੈ ਕਿ 'ਭਾਰਤ ਨੇ ਕਈ ਵਪਾਰ ਪਾਬੰਦੀਆਂ ਲਾਗੂ ਕੀਤੀਆਂ ਹਨ, ਜਿਸ ਦਾ ਅਮਰੀਕੀ ਵਪਾਰ ਉੱਤੇ ਗੰਭੀਰ ਨਕਾਰਾਤਮਕ ਅਸਰ ਪਿਆ ਹੈ। ਗੱਲਬਾਤ ਦੇ ਬਾਵਜੂਦ ਭਾਰਤ ਇਸ ਸ਼੍ਰੇਣੀ ਵਿੱਚ ਰਹਿਣ ਲਈ ਜ਼ਰੂਰੀ ਕਦਮ ਨਹੀਂ ਚੁੱਕ ਸਕਿਆ।

# ਸੀਰੀਆ ਉੱਤੇ ਇਜ਼ਰਾਈਲ ਦੇ ਹਮਲੇ ਵਿੱਚ 10 ਮੌਤਾਂ



ਬੇਰੂਤ, 2 ਜੂਨ (ਪੋਸਟ ਬਿਊਰੋ)- ਇਜ਼ਰਾਈਲ ਨੇ ਐਤਵਾਰ ਨੂੰ ਸੀਰੀਆ ਦੇ ਫੌਜੀ ਅੱਡਿਆਂ ਉਤੇ ਹਵਾਈ ਹਮਲੇ ਕੀਤੇ ਅਤੇ ਇਨ੍ਹਾਂ ਹਮਲਿਆਂ ਵਿੱਚ ਮਾਰੇ ਗਏ 10 ਲੋਕਾਂ ਵਿੱਚ ਸੀਰੀਆਈ ਸੈਨਿਕ ਅਤੇ ਰਾਸ਼ਟਰਪਤੀ ਅਸਦ ਦੀ ਸਰਕਾਰ ਦੇ ਪੱਖ ਵਾਲੇ ਹਿਜਬਉੱਲਾ ਵਾਲੇ ਲੜਾਕੂ ਵੀ ਸ਼ਾਮਲ ਹਨ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਇਸ ਦੇ ਬਾਅਦ ਸਾਫ ਕਿਹਾ ਹੈ ਕਿ ਇਸ ਹਮਲੇ ਲਈ ਖ਼ੁਦ ਉਨ੍ਹਾਂ ਨੇ ਫ਼ੌਜ ਨੂੰ ਆਦੇਸ਼ ਦਿੱਤਾ ਸੀ।

ਇਸ ਬਾਰੇ ਦੱਸਿਆ ਗਿਆ ਹੈ ਕਿ ਇਜ਼ਰਾਈਲ ਦੇ ਕਬਜ਼ੇ ਵਾਲੇ ਗੋਲਾਨ ਪਹਾੜੀ ਖੇਤਰ ਵਿੱਚ ਸੀਰੀਆ ਵੱਲੋਂ ਦੋ ਰਾਕਟ ਦਾਗੇ ਜਾਣ ਪਿੱਛੋਂ ਇਜ਼ਰਾਈਲੀ ਫ਼ੌਜ ਨੇ ਇਹ ਕਾਰਵਾਈ ਕੀਤੀ ਹੈ। ਹਮਲੇ ਦੀ ਪੁਸ਼ਟੀ ਕਰਦਿਆਂ ਇਜ਼ਰਾਈਲ ਦੀ ਫ਼ੌਜ ਦੇ ਬੁਲਾਰੇ ਨੇ ਦੱਸਿਆ ਕਿ ਇਸ ਹਵਾਈ ਹਮਲੇ ਵਿੱਚ ਦੁਸ਼ਮਣ ਦੇ ਫ਼ੌਜੀ ਟਿਕਾਣਿਆਂ, ਗੁਪਤ ਅੱਡਿਆਂ ਅਤੇ ਐੱਸ ਏ-2 ਹਵਾਈ ਰੱਖਿਆ ਯੂਨਿਟ ਨੂੰ ਨਿਸ਼ਾਨਾ ਬਣਾਇਆ ਗਿਆ। ਪਿਛਲੇ ਹਫ਼ਤੇ ਅਜਿਹੇ ਹਮਲੇ ਵਿੱਚ ਇਜ਼ਰਾਈਲੀ ਹਵਾਈ ਫ਼ੌਜ ਦਾ ਇਕ ਜਹਾਜ਼ ਸੀਰੀਆ ਦੇ ਇਲਾਕੇ ਵਿੱਚ ਡਿੱਗ ਪਿਆ ਸੀ। ਇਸ ਨੂੰ ਮਿਜ਼ਾਈਲ ਨਾਲ ਡੇਗਿਆ ਗਿਆ ਸੀ, ਜਿਸ ਵਿੱਚ ਇਕ ਇਜ਼ਰਾਈਲੀ ਫੌਜੀ ਦੀ ਮੌਤ ਹੋ ਗਈ ਸੀ। ਇਜ਼ਰਾਈਲ ਦੋਸ਼ ਲਾਉਂਦਾ ਹੈ ਕਿ ਹਿਜਬਉੱਲਾ ਦੇ ਬੰਦਿਆਂ ਨਾਲ ਈਰਾਨ ਵੀ ਸੀਰੀਆਈ ਰਾਸ਼ਟਰਪਤੀ ਬਸ਼ਰ ਅਲ ਅਸਦ ਦੀ ਮਦਦ ਕਰਦਾ ਹੈ। ਇਜ਼ਰਾਈਲ ਦਾ ਇਹ ਵੀ ਕਹਿਣਾ ਹੈ ਕਿ ਉਹ ਈਰਾਨ ਨੂੰ ਕਿਸੇ ਵੀ ਸੂਰਤ ਵਿੱਚ ਸੀਰੀਆ 'ਚ ਪੈਰ ਨਹੀਂ ਜਮਾਉਣ ਦੇਵੇਗਾ।

## ਅਮਰੀਕੀ ਵੀਜ਼ਾ ਲੈਣ ਲਈ 5 ਸਾਲਾਂ ਦਾ ਸੋਸ਼ਲ ਮੀਡੀਆ ਰਿਕਾਰਡ ਦੇਣਾ ਪਵੇਗਾ



ਵਾਸ਼ਿੰਗਟਨ, 2 ਜੂਨ (ਪੋਸਟ ਬਿਊਰੋ)- ਅਮਰੀਕਾ ਦੀ ਡੋਨਾਲਡ ਟਰੰਪ ਸਰਕਾਰ ਨੇ ਵੀਜ਼ਾ ਨਿਯਮਾਂ ਵਿੱਚ ਬਦਲਾਅ ਕਰਦੇ ਹੋਏ ਨਿਯਮਾਂ ਦੀ ਲੰਮੀ ਲਿਸਟ ਜਾਰੀ ਕੀਤੀ ਹੈ। ਨਵੇਂ ਨਿਯਮਾਂ ਮੁਤਾਬਕ ਅੱਗੇ ਤੋਂ ਵੀਜ਼ਾ ਲੈਣ ਵਾਲਿਆਂ ਨੂੰ ਆਪਣੇ ਸੋਸ਼ਲ ਮੀਡੀਆ ਅਕਾਊਂਟ ਦਾ ਨਾਮ ਅਤੇ ਪਿਛਲੇ ਪੰਜ ਸਾਲ ਦਾ ਰਿਕਾਰਡ ਵੀ ਦੇਣਾ ਪਵੇਗਾ। ਇਨ੍ਹਾਂ ਨਿਯਮਾਂ ਮੁਤਾਬਕ ਟਰੰਪ ਪ੍ਰਸ਼ਾਸਨ ਤੁਹਾਡੇ ਦਿੱਤੇ ਸੋਸ਼ਲ ਮੀਡਿਆ ਅਕਾਊਂਟ ਦੀ ਕਦੇ ਵੀ ਜਾਂਚ ਕਰ ਸਕਦਾ ਹੈ।

ਪਤਾ ਲੱਗਾ ਹੈ ਕਿ ਨਵੇਂ ਵੀਜ਼ਾ ਫਾਰਮਾਂ ਵਿੱਚ ਲੋਕਾਂ ਨੂੰ ਫੇਸਬੁੱਕ, ਟਵਿੱਟਰ ਉਤੇ ਰੱਖੇ ਨਾਮ ਅਤੇ ਪਿਛਲੀ ਈ-ਮੇਲ ਆਈ ਡੀ ਦੇ ਨਾਲ ਮੋਬਾਈਲ ਨੰਬਰ ਵੀ ਦੱਸਣਾ ਪਵੇਗਾ। ਇਨ੍ਹਾਂ ਨਿਯਮਾਂ ਵਿੱਚ ਬਦਲਾਅ ਨਾਲ ਕਰੀਬ 1.5 ਕਰੋੜ ਲੋਕ ਹਰ ਸਾਲ ਪ੍ਰਭਾਵਤ ਹੋਣ ਦੀ ਸੰਭਾਵਨਾ ਹੈ। ਸਿਰਫ ਡਿਪਲੋਮੈਟਿਕ ਤੇ ਸਰਕਾਰੀ ਵੀਜ਼ਾ ਉਤੇ ਯਾਤਰਾ ਕਰਨ ਵਾਲੇ ਲੋਕਾਂ ਨੂੰ ਨਿਯਮਾਂ ਵਿੱਚ ਛੋਟ ਮਿਲੇਗੀ, ਪਰ ਕੰਮ ਤੇ ਪੜ੍ਹਾਈ ਲਈ ਅਮਰੀਕਾ ਜਾਣ ਵਾਲੇ ਲੋਕਾਂ ਨੂੰ ਇਸ ਤਰ੍ਹਾਂ ਦੀ ਸਾਰੀ ਜਾਣਕਾਰੀ ਦੇਣੀ ਪਵੇਗੀ। ਟਰੰਪ ਪ੍ਰਸ਼ਾਸਨ ਅਮਰੀਕੀ ਨਾਗਰਿਕਾਂ ਦੀ ਸਕਿਓਰਟੀ ਨੂੰ ਉਪਰ ਰੱਖ ਕੇ ਬਦਲੇ ਹੋਏ ਨਿਯਮ ਲਾਗੂ ਕਰ ਰਿਹਾ ਹੈ ਤਾਂ ਕਿ ਕਿਸੇ ਬਾਹਰੀ ਕਾਰਨ ਓਥੇ ਕੋਈ ਘਟਨਾ ਨਾ ਵਾਪਰੇ। ਇਸ ਤੋਂ ਪਹਿਲਾਂ ਸਿਰਫ ਉਨ੍ਹਾਂ ਲੋਕਾਂ ਨੂੰ ਟਵਿੱਟਰ, ਫੇਸਬੁੱਕ ਵਰਗੀ ਜਾਣਕਾਰੀ ਨੂੰ ਜਮ੍ਹਾਂ ਕਰਵਾਉਣੀ ਪੈਂਦੀ ਸੀ, ਜਿਨ੍ਹਾਂ ਨੇ ਦੁਨੀਆ ਦੇ ਅਜਿਹੇ ਹਿੱਸੇ ਦੀ ਯਾਤਰਾ ਕੀਤੀ ਹੋਵੇ, ਜੋ ਅੱਤਵਾਦੀ ਗਰੁੱਪਾਂ ਦੇ ਕੰਟਰੋਲ ਵਿੱਚ ਹੈ, ਪਰ ਅੱਗੇ ਤੋਂ ਲਗਭਗ ਸਭ ਲੋਕਾਂ ਨੂੰ ਸੋਸ਼ਲ ਮੀਡੀਆ ਪਲੇਟਫਾਰਮ ਉੱਤੇ ਆਪਣੇ ਅਕਾਊਂਟ ਨਾਮ ਤੇ ਇਸ ਦੀ ਜਾਣਕਾਰੀ ਦੇਣੀ ਹੋਵੇਗੀ। ਜੇ ਕੋਈ ਸੋਸ਼ਲ ਮੀਡੀਆ ਦੀ ਵਰਤੋਂ ਬਾਰੇ ਝੂਠ ਬੋਲਦਾ ਹੈ ਤਾਂ ਉਸ ਨੂੰ ਨਿਯਮਾਂ ਦੀ ਉਲੰਘਣਾ ਵਿੱਚ ਗੰਭੀਰ ਨਤੀਜਾ ਭੁਗਤਣਾ ਪਵੇਗਾ।

# ਭਾਰਤ-ਰੂਸ ਮਿਜ਼ਾਈਲ ਸੌਦੇ ਤੋਂ ਅਮਰੀਕਾ ਖਿਝ ਗਿਆ



ਵਾਸ਼ਿੰਗਟਨ, 2 ਜੂਨ (ਪੋਸਟ ਬਿਊਰੋ)- ਅਮਰੀਕਾ ਦੇ ਡੋਨਾਲਡ ਟਰੰਪ ਪ੍ਰਸ਼ਾਸਨ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਭਾਰਤ ਨੇ ਰੂਸ ਕੋਲੋਂ ਐਸ-400 ਮਿਜ਼ਾਈਲ ਖਰੀਦਣ ਦੇ ਆਪਣੇ ਫੈਸਲੇ ਵੱਲ ਹੋਰ ਅੱਗੇ ਕਦਮ ਵਧਾਇਆ ਤਾਂ ਭਾਰਤ-ਅਮਰੀਕਾ ਰੱਖਿਆ ਸਬੰਧਾਂ ਉੱਤੇ ਇਸ ਦਾ ਡੂੰਘਾ ਅਸਰ ਪਵੇਗਾ।

'ਐਸ-400' ਸਤ੍ਹਾ ਤੋਂ ਹਵਾ ਵਿੱਚ ਲੰਬੀ ਦੂਰ ਤੱਕ ਮਾਰ ਕਰਨ ਵਾਲੀ ਅਤਿਆਧੁਨਿਕ ਰੂਸੀ ਮਿਜ਼ਾਈਲ ਰੱਖਿਆ ਪ੍ਰਣਾਲੀ ਦੀ ਇਸ ਦੀ ਖਰੀਦ ਲਈ ਰੂਸ ਨੇ ਸਭ ਤੋਂ ਪਹਿਲਾਂ 2014 ਵਿੱਚ ਚੀਨ ਨਾਲ ਸਮਝੌਤਾ ਕੀਤਾ ਸੀ। ਭਾਰਤ ਅਤੇ ਰੂਸ ਵਿਚਕਾਰ ਇਸ ਨੂੰ ਖਰੀਦਣ ਲਈ ਪਿਛਲੇ ਸਾਲ ਅਕਤੂਬਰ ਵਿੱਚ ਪੰਜ ਅਰਬ ਡਾਲਰ ਦਾ ਸਮਝੌਤਾ ਹੋਇਆ ਸੀ ਤੇ ਇਹ ਸਮਝੌਤਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੇ ਲੰਮੇ ਵਿਚਾਰ ਵਟਾਂਦਰੇ ਤੋਂ ਬਾਅਦ ਹੋਇਆ ਸੀ। ਵਿਦੇਸ਼ ਵਿਭਾਗ ਦੇ ਇਕ ਉਚ ਅਧਿਕਾਰੀ ਨੇ ਦੱਸਿਆ ਕਿ ਰੂਸ ਤੋਂ ਐਸ-400 ਹਵਾਈ ਰੱਖਿਆ ਪ੍ਰਣਾਲੀ ਖਰੀਦਣ ਦਾ ਫੈਸਲਾ ਮਹੱਤਵ ਪੂਰਨ ਹੈ। ਉਨ੍ਹਾਂ ਨੇ ਇਸ ਵਿਚਾਰ ਨਾਲ ਅਸਹਿਮਤੀ ਜਤਾਈ ਹੈ ਕਿ 'ਇਹ ਕੋਈ ਵੱਡੀ ਗੱਲ ਨਹੀਂ ਹੈ।' ਅਧਿਕਾਰੀ ਅਨੁਸਾਰ ਰੂਸ ਤੋਂ ਐਸ-400 ਹਵਾਈ ਰੱਖਿਆ ਪ੍ਰਣਾਲੀ ਖਰੀਦਣ ਦੇ ਭਾਰਤ ਦੇ ਫੈਸਲੇ ਦਾ ਉਦੋਂ ਤੱਕ ਕੋਈ ਅਸਰ ਨਹੀਂ ਹੋਵੇਗਾ, ਜਦੋਂ ਤੱਕ ਉਹ ਅਮਰੀਕਾ ਤੋਂ ਆਪਣੀ ਫੌਜ ਦੀ ਖਰੀਦ ਵਧਾਉਂਦਾ ਰਹੇਗਾ। ਉਨ੍ਹਾਂ ਨੇ ਕਿਹਾ, 'ਮੈਂ ਅਸਹਿ-ਮਤ ਹਾਂ। ਕਾਟਸਾ ਐਕਟ ਕਾਰਨ ਐਸ 400 ਮਹੱਤਵ ਪੂਰਨ ਹੈ। ਇਹ ਇਸ ਲਈ ਵੀ ਅਹਿਮ ਹੈ, ਕਿਉਂਕਿ ਭਵਿੱਖ ਵਿੱਚ ਉਚ ਰੱਖਿਆ ਸਮਝੌਤਿਆਂ ਦੇ ਮਾਮਲੇ ਵਿੱਚ ਕੁਝ ਚੀਜ਼ਾਂ ਨੂੰ ਰੋਕਦਾ ਹੈ।' ਐਸ-400 ਪ੍ਰਣਾਲੀ ਸਮਝੌਤੇ ਕਰਨ ਕਾਟਸਾ ਕਾਨੂੰਨ ਹੇਠ ਪਾਬੰਦੀਆਂ ਲਾਈਆਂ ਜਾ ਸਕਦੀਆਂ ਹਨ। ਅਮਰੀਕੀ ਕਾਂਗਰਸ ਨੇ ਇਹ ਕਾਨੂੰਨ ਰੂਸ ਤੋਂ ਹਥਿਆਰਾਂ ਦੀ ਖਰੀਦ ਰੋਕਣ ਲਈ ਬਣਾਇਆ ਸੀ। ਅਧਿਕਾਰੀ ਨੇ ਕਿਹਾ ਕਿ ਜੇ ਭਾਰਤ ਐਸ-400 ਮਿਜ਼ਾਈਲ ਰੱਖਿਆ ਪ੍ਰਣਾਲੀ ਖਰੀਦਣ ਦੇ ਫੈਸਲੇ 'ਤੇ ਅੱਗੇ ਵਧਦਾ ਹੈ ਤਾਂ ਇਸ ਨਾਲ ਭਾਰਤ ਅਮਰੀਕਾ ਦੇ ਦੁਵੱਲੇ ਰੱਖਿਆ ਸਬੰਧਾਂ 'ਤੇ ਡੂੰਘਾ ਅਸਰ ਪਵੇਗਾ।

## ਮੈਕਸੀਕੋ ਵਿੱਚ ਬੱਸ ਹਾਦਸੇ ਦੌਰਾਨ 23 ਯਾਤਰੀਆਂ ਦੀ ਮੌਤ

ਮੈਕਸੀਕੋ ਸਿਟੀ, 2 ਜੂਨ (ਪੋਸਟ ਬਿਊਰੋ)- ਮੈਕਸੀਕੋ 'ਚ ਇਕ ਬੱਸ ਨੇ ਇਕ ਟਰੱਕ ਨੂੰ ਟੱਕਰ ਮਾਰ ਦਿੱਤੀ, ਜਿਸ ਦੇ ਬਾਅਦ ਬੱਸ ਨੂੰ ਅੱਗ ਲੱਗ ਗਈ, ਜਿਸ 'ਚ ਘੱਟੋ-ਘੱਟ 23 ਇਸਾਈ ਯਾਤਾਰੀਆਂ ਦੀ ਮੌਤ ਹੋ ਗਈ।

ਮੈਕਸੀਕੋ ਦੇ ਵੇਰਾਕਰੂਜ਼ 'ਚ ਬੀਤੇ ਦਿਨੀਂ ਇਹ ਹਾਦਸਾ ਵਾਪਰਿਆ ਸੀ, ਜਿਸ ਬਾਰੇ ਪੁਲਸ ਦੇ ਹਵਾਲੇ ਤੋਂ ਦੱਸਿਆ ਗਿਆ ਕਿ ਸਾਰੇ ਯਾਤਰੀ ਮੈਕਸੀਕੋ ਸਿਟੀ ਦੇ ਬੇਸਿਲਿਕਾ ਆਫ ਆਵਰ ਲੇਡੀ ਆਫ ਗਵਾਡਾਲੂਪ ਦੀ ਯਾਤਰਾ ਕਰਨ ਦੇ ਬਾਅਦ ਆਪਣੇ ਘਰ ਵਾਪਸ ਪਰਤ ਰਹੇ ਸਨ। ਜ਼ਖਮੀਆਂ 'ਚ ਉਹ ਪਾਦਰੀ ਵੀ ਮੌਜੂਦ ਸੀ, ਜਿਸ ਨੇ ਇਸ ਤੀਰਥ ਯਾਤਰਾ ਦਾ ਆਯੋਜਨ ਕੀਤਾ ਸੀ। ਉਹ ਸਥਾਨਕ ਇਲਾਕੇ ਦੇ ਇਕ ਹਸਪਤਾਲ 'ਚ ਦਾਖਲ ਹੈ ਤੇ ਉਸ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਦੱਸਣ ਯੋਗ ਹੈ ਕਿ 2006 'ਚ ਇਸੇ ਇਲਾਕੇ 'ਚ ਇਕ ਹਾਦਸੇ ਵਿੱਚ 50 ਲੋਕਾਂ ਦੀ ਮੌਤ ਹੋ ਗਈ ਸੀ।

## ਵਰਜੀਨੀਆ ਦੇ ਸਰਕਾਰੀ ਕੰਪਲੈਕਸ ਵਿੱਚ ਫਾਇਰਿੰਗ, 12 ਮਰੇ



ਮੌਕੇ ਉਤੇ ਗਸ਼ਤ ਕਰਦੀ ਪੁਲਸ ਪਾਰਟੀ।

ਵਾਸ਼ਿੰਗਟਨ, 2 ਜੂਨ (ਪੋਸਟ ਬਿਊਰੋ)- ਅਮਰੀਕਾ ਦੇ ਵਰਜੀਨੀਆ ਸੂਬੇ ਵਿੱਚ ਇੱਕ ਮਿਊਂਸਪਲ ਕੇਂਦਰ ਵਿਖੇ ਕੱਲ੍ਹ ਰਾਤ ਦੇਰ ਗਏ ਵਾਪਰੀ ਫਾਇਰਿੰਗ ਦੀ ਇੱਕ ਘਟਨਾ 'ਚ ਘੱਟੋ-ਘੱਟ 12 ਵਿਅਕਤੀ ਮਾਰੇ ਗਏ ਤੇ ਚਾਰ ਹੋਰ ਜ਼ਖਮੀ ਹੋ ਗਏ। ਪੁਲਸ ਨਾਲ ਹੋਏ ਸੰਖੇਪ ਮੁਕਾਬਲੇ ਦੌਰਾਨ ਹਮਲਾਵਰ ਵੀ ਮਾਰਿਆ ਗਿਆ। ਪੁਲਸ ਨੂੰ ਮੌਕੇ ਤੋਂ 45 ਕੈਲੀਬਰ ਦੀ ਇੱਕ ਹੈਂਡ ਗੰਨ ਮਿਲੀ ਹੈ, ਜਿਸ ਦੇ ਨਾਲ ਕਈ ਖਾਲੀ ਮੈਗਜ਼ੀਨ ਵੀ ਪਏ ਸਨ।

ਮਿਲੀਆਂ ਖਬਰਾਂ ਮੁਤਾਬਕ ਫਾਇਰਿੰਗ ਕਰਨ ਵਾਲਾ ਵਿਅਕਤੀ ਮਿਊਂਸਪਲ ਕੇਂਦਰ ਦਾ ਹੀ ਮੁਲਾਜ਼ਮ ਸੀ। ਉਸ ਦੀ ਪਛਾਣ ਨਹੀਂ ਦੱਸੀ ਗਈ। ਉਸ ਨੇ ਲੋਕਾਂ 'ਤੇ ਅਚਾਨਕ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਅਮਰੀਕਾ 'ਚ ਪਿਛਲੇ ਸਾਲ ਨਵੰਬਰ ਵਿੱਚ ਵਾਪਰੇ ਇੱਕ ਗੋਲੀ ਕਾਂਡ ਤੋਂ ਬਾਅਦ ਇਹ ਆਪਣੀ ਕਿਸਮ ਦੀ ਪਹਿਲੀ ਵੱਡੀ ਘਟਨਾ ਹੈ। ਨਵੰਬਰ ਵਿੱਚ ਕੈਲੀਫੋਰਨੀਆ ਵਿਖੇ ਵਾਪਰੀ ਫਾਇਰਿੰਗ ਵਿੱਚ 12 ਲੋਕ ਮਾਰੇ ਗਏ ਸਨ। ਸਥਾਨਕ ਸਿਟੀ ਮੇਅਰ ਬੌਬੀ ਨੇ ਸਥਾਨਕ ਲੋਕਾਂ ਲਈ ਇਸ ਘਟਨਾ ਨੂੰ ਕਾਲਾ ਸਮਾਂ ਕਰਾਰ ਦਿੱਤਾ ਹੈ। ਖਬਰਾਂ ਮੁਤਾਬਕ ਜਿਸ ਥਾਂ 'ਤੇ ਇਹ ਫਾਇਰਿੰਗ ਹੋਈ, ਉਹ ਇੱਕ ਸਰਕਾਰੀ ਕੰਪਲੈਕਸ ਹੈ ਅਤੇ ਗੋਲੀ ਚਲਾਉਣ ਵਾਲਾ ਵਿਅਕਤੀ ਵੀ ਅਸੰਤੁਸ਼ਟ ਸਰਕਾਰੀ ਮੁਲਾਜ਼ਮ ਸੀ। ਰਾਸ਼ਟਰਪਤੀ ਟਰੰਪ ਨੂੰ ਸਾਰੀ ਘਟਨਾ ਤੋਂ ਜਾਣੂ ਕਰਵਾ ਦਿੱਤਾ ਗਿਆ ਹੈ।

# ਬੋਇੰਗ ਸੀ ਈ ਓ ਨੇ 737 ਮੈਕਸ ਮਾਮਲੇ ਵਿੱਚ ਗਲਤੀ ਸਵੀਕਾਰ ਕਰ ਲਈ

ਨਿਊ ਯਾਰਕ, 2 ਜੂਨ (ਪੋਸਟ ਬਿਊਰੋ)- ਅਮਰੀਕਾ ਦੀ ਜਹਾਜ਼ ਬਣਾਉਣ ਵਾਲੀ ਕੰਪਨੀ ਬੋਇੰਗ ਦੇ ਸੀ ਈ ਓ ਨੇ ਪਹਿਲੀ ਵਾਰ ਸਵੀਕਾਰ ਕੀਤਾ ਹੈ ਕਿ 737 ਮੈਕਸ ਜਹਾਜ਼ਾਂ ਦਾ ਮਾਮਲਾ ਸੁਲਝਾਉਣ ਵਿੱਚ ਕੰਪਨੀ ਤੋਂ ਭੁੱਲ ਹੋ ਗਈ ਹੈ। ਬੋਇੰਗ ਦੇ ਸੀ ਈ ਓ ਡੈਨਿਸ ਮਿਊਲੇਨਬਰਗ ਨੇ ਇੱਕ ਇੰਟਰਵਿਊ ਵਿੱਚ ਕਿਹਾ ਕਿ ਇਨ੍ਹਾਂ ਜਹਾਜ਼ਾਂ ਬਾਰੇ ਰੈਗੂਲੇਟਰੀਆਂ ਨੂੰ ਲੋੜੀਂਦੀ ਜਾਣਕਾਰੀ ਦੇਣ ਵਿੱਚ ਕੰਪਨੀ ਅਸਫਲ ਰਹੀ ਹੈ।

ਵਰਨਣ ਯੋਗ ਹੈ ਕਿ ਇਸ ਸਾਲ ਦੋ 737 ਮੈਕਸ ਜਹਾਜ਼ਾਂ ਦੇ ਹਾਦਸਾ ਗ੍ਰਸਤ ਹੋਣ ਤੇ ਇਨ੍ਹਾਂ ਵਿੱਚ 346 ਲੋਕਾਂ ਦੀ ਮੌਤ ਦੇ ਬਾਅਦ ਪਹਿਲੀ ਵਾਰ ਕੰਪਨੀ ਦੇ ਸੀਨੀਅਰ ਅਧਿਕਾਰੀ ਇਹ ਮੰਨ ਰਹੇ ਹਨ। ਕੰਪਨੀ ਨੇ ਪਿਛਲੇ ਦਿਨੀਂ ਕਿਹਾ ਸੀ ਕਿ ਇਸ ਸਾਲ ਅਗਸਤ ਅਖੀਰ ਤੋਂ ਪਹਿਲਾਂ ਤੱਕ 737 ਮੈਕਸ ਸੀਰੀਜ ਦੇ ਜਹਾਜ਼ਾਂ ਨੂੰ ਸੇਵਾ ਵਿੱਚ ਵਾਪਸ ਲਿਆਉਣਾ ਸੰਭਵ ਨਹੀਂ ਹੋਵੇਗਾ। ਮਿਊਲੇਨਬਰਗ ਤੋਂ ਪੁੱਛਿਆ ਗਿਆ ਕਿ ਉਨ੍ਹਾਂ ਨੇ ਇੱਕ ਸਾਲ ਤੋਂ ਜ਼ਿਆਦਾ ਸਮੇਂ ਤੱਕ ਅਮਰੀਕਾ ਦੇ ਕੇਂਦਰੀ ਹਵਾਬਾਜ਼ੀ ਪ੍ਰਸ਼ਾਸਨ (ਐੱਫ ਏ ਏ) ਨੂੰ ਇਨ੍ਹਾਂ ਜਹਾਜ਼ਾਂ ਵਿੱਚ ਇੱਕ ਖਾਸ ਸੰਕੇਤ ਨੂੰ ਨਕਾਰਾ ਕਰਨ ਦੀ ਜਾਣਕਾਰੀ ਕਿਉਂ ਨਹੀਂ ਦਿੱਤੀ। ਇਹ ਖਾਸ ਸੰਕੇਤ ਉਨ੍ਹਾਂ ਹਾਲਾਤਾਂ ਵਿੱਚ ਪਾਇਲਟਾਂ ਨੂੰ ਸਲਾਹ ਦਿੰਦਾ ਹੈ, ਜਦ ਜਹਾਜ਼ ਦੇ ਸੈਂਸਰ ਕੁਝ ਕਾਰਨਾਂ ਕਰ ਕੇ ਉਸ ਦੀ ਨੋਕ (ਅਗਲੇ ਹਿੱਸੇ) ਦੇ ਝੁਕਾਅ ਦੇ ਬਾਰੇ ਸਹੀ ਸੂਚਨਾ ਨਹੀਂ ਦੇ ਪਾਉਂਦੇ। ਇਹ ਸੰਕੇਤ ਨਾਕਾਰਾ ਹੋਣ ਦੇ ਕਾਰਨ ਲਾਇਨ ਏਅਰ ਅਤੇ ਇਥੋਪੀਅਨ ਏਅਰਲਾਈਨਸ ਦੇ 737 ਮੈਕਸ ਜਹਾਜ਼ ਹਾਦਸੇ ਦਾ ਸ਼ਿਕਾਰ ਹੋ ਗਏ।

ਦੋ ਜਹਾਜ਼ਾਂ ਦੇ ਹਾਦਸਾਗ੍ਰਸਤ ਹੋਣ ਕਾਰਨ ਇੱਕ ਸਾਲ ਤੋਂ ਵੀ ਜ਼ਿਆਦਾ ਪਹਿਲਾਂ ਬੋਇੰਗ ਨੂੰ ਇਸ ਖ਼ਾਮੀ ਦਾ ਪਤਾ ਲੱਗਾ ਸੀ, ਪਰੰਤੂ ਕੰਪਨੀ ਨੇ ਰੈਗੂਲੇਟਰੀਆਂ ਨੂੰ ਇਸ ਦੀ ਜਾਣਕਾਰੀ ਨਹੀਂ ਦਿੱਤੀ। ਦੋਵਾਂ ਜਹਾਜ਼ਾਂ ਦੇ ਹਾਦਸਾ ਗ੍ਰਸਤ ਹੋਣ ਦੇ ਬਾਅਦ ਸ਼ੁਰੂਆਤੀ ਜਾਂਚ ਵਿੱਚ ਪਤਾ ਲੱਗਾ ਕਿ ਸੈਂਸਰ ਦੀ ਗਲਤੀ ਦੇ ਕਾਰਨ ਹੀ ਜਹਾਜ਼ ਦੇ ਐਮ ਸੀ ਏ ਐਸ ਸਿਸਟਮ ਨੇ ਜਹਾਜ਼ਾਂ ਦੀ ਨੋਕ ਨੂੰ ਹੇਠਾਂ ਵੱਲ ਝੁਕਾ ਦਿੱਤਾ ਅਤੇ ਪਾਇਲਟ ਉਸ ਨੂੰ ਕੰਟਰੋਲ ਕਰਨ ਵਿੱਚ ਨਾਕਾਮ ਰਹੇ।


Honesty, Reliability, Commitment

Hira Randhawa
Broker

• 1 yr Home Warranty • Appliances & Furniture
• 40% Discount on Brand Name • Free Evaluation & Lowest Commission

www.hirarandhawa.com
hirarandhawa@yahoo.ca

"OPEN HOUSE UNTIL SOLD"

For all your Real Estate needs: 416.319.0551 or 905.913.8585

$634,900 — Sandalwood & Conestoga: Stunning Detached Home With Single Car Garage, 3 Bedroom, 2 Washrooms, Fully Renovated Top To Bottom To Thousands Spent On Renovation, Nestled On A Quiet, Family Friendly Street Close To Park, School, Hwy 410, Shopping, School & Other Amenities.

$729,900 — Dixie/Octillo: Immaculate 3 Bedroom Semi With 1 Br Fin Basement On A 30 Ft Lot . Hardwood Flooring (No Carpet In Entire House), Separate Living/Family, Eat-In-Kitchen, 2 Full Washrooms On 2nd Floor, Extended Driveway ,Concrete Work On Side And Backyard And Much More!

$739,913 — Charleston Side Rd/Main St.: Detached Home On Well Landscaped. Huge Corner Lot W/Private Backyard In Historic Town Of Alton With Finished Double Car Garage. 3 Bedroom Upstairs, 2 Full Washrooms W/4 Pc Bath, Master Bedroom, New Roof 2018 & etc.

$775,000 — Charolais/Chinguacousy Rd: Renovated Bungalow, 3 Good Size Bedrooms Plus Den + 2 Bed Finished Basement W/Separate Entrance With Appliances, New Upgraded Kitchen + 3 Newly Renovated Bathrooms + New Hardwood Floors Very Close To Hwy, etc.

Call For:
RESP,
SUPER
-VISA,&
TRAVEL
Insurance
H.Randhawa
416-319-0551

FIRST CHOICE FINANCIAL LIMITED
TRUCK LOANS

ਟਰੱਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ

ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing

- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424

MICHELIN · Hankook · Continental · ROADLUX · BFGoodrich · AEOLUS · COMPASAL · Chevron · Delo

BEST TRUCK REPAIR & TIRE CENTRE

We also Specialize in Engine, AC, Transmission, Differential Rebuild, Safety Inspection & All Kinds of Electric Work

ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ। ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ

SPECIAL ON TRUCK ALIGNMENT | BRAND NEW MACHINES 2018

Brake & Drum -Made in U.S - On Special Sale!

Special Sale 4 CAT Batteries $550 with Installation

Special Sale on Smartway Approved Tires $245 each

www.besttruckrepairandtire.ca | Email: ranjitbesttruck@yahoo.ca

7 ਦਿਨ ਖੁੱਲਾ
Spring Sale

Special OIL CHANGE Rates

1715 Sismet Rd, Mississauga | Call Ranjit: 416.624.8351 | Tel: 905.625.0055

# ਦੋ ਗੁਰਦੁਆਰਿਆਂ ਦੀਆਂ ਕਮੇਟੀਆਂ ਕਾਰਨ ਤਨਾਅ ਬਣਿਆ

ਗੜ੍ਹਦੀਵਾਲਾ, 2 ਜੂਨ (ਪੋਸਟ ਬਿਊਰੋ)- ਏਥੋਂ ਨੇੜਲੇ ਪਿੰਡ ਚਾਂਗ ਬਸੋਆ ਦੀ ਸਥਿਤੀ ਓਦੋਂ ਤਣਾਅ ਭਰੀ ਹੋ ਗਈ, ਜਦੋਂ ਦੋ ਗੁਰਦੁਆਰਾ ਸਾਹਿਬ ਦੀਆਂ ਕਮੇਟੀਆਂ ਦੇ ਵਿਵਾਦ ਕਾਰਨ ਨਵੇਂ ਗੁਰਦੁਆਰਾ ਸਾਹਿਬ ਦੀ ਕਮੇਟੀ ਮੈਂਬਰਾਂ ਨੇ ਦੁਪਹਿਰ ਵੇਲੇ ਪੁਰਾਣੇ ਗੁਰ-ਦੁਆਰਾ ਸਾਹਿਬ ਦੇ ਜਿੰਦਰੇ ਤੋੜ ਕੇ ਅੰਦਰੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਿੰਨ ਪਾਵਨ ਸਰੂਪ ਨਵੇਂ ਗੁਰੂ ਘਰ ਪੁਚਾ ਦਿੱਤੇ ਤੇ ਪੁਰਾਣੇ ਗੁਰਦੁਆਰਾ ਸਾਹਿਬ ਨੂੰ ਆਪਣੇ ਜਿੰਦਰੇ ਲਾ ਦਿੱਤੇ। ਜਦੋਂ ਪੁਰਾਣੇ ਗੁਰਦੁਆਰਾ ਸਾਹਿਬ ਦੀ ਕਮੇਟੀ ਨਾਲ ਸਬੰਧਤ ਕੁਝ ਔਰਤਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਲਿਜਾਣੋਂ ਰੋਕਿਆ ਤਾਂ ਨਵੀਂ ਕਮੇਟੀ ਦੇ ਆਗੂਆਂ ਨੇ ਔਰਤਾਂ ਨੂੰ ਧਮਕਾਉਣ ਦੀ ਕੋਸ਼ਿਸ਼ ਕੀਤੀ, ਜਿਸ ਦਾ ਰੌਲਾ ਪੈਣ ਉੱਤੇ ਪੁਰਾਣੀ ਕਮੇਟੀ ਦੇ ਮੈਂਬਰਾਂ ਨੇ ਇਕੱਠੇ ਹੋ ਕੇ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਅਤੇ ਇਸ ਨਾਲ ਸਥਿਤੀ ਗੰਭੀਰ ਬਣ ਗਈ।

ਇਸ ਸਬੰਧ ਵਿੱਚ ਪਤਾ ਲੱਗਾ ਹੈ ਕਿ ਪਿੰਡ ਚਾਂਗ ਬਸੋਆ ਵਿਖੇ ਅੱਧੀ ਸਦੀ ਸਾਲ ਪੁਰਾਣਾ ਗੁਰਦੁਆਰਾ ਸਿੰਘ ਸਭਾ ਸਾਹਿਬ ਬਣਿਆ ਹੋਇਆ ਸੀ। 2005 ਵਿੱਚ ਉਸ ਦੀ ਕਮੇਟੀ ਨਾਲ ਸਬੰਧਿਤ ਕੁਝ ਲੋਕਾਂ ਨੇ ਪਿੰਡੋਂ ਬਾਹਰ ਫਿਰਨੀ ਉੱਤੇ ਗੁਰਦੁਆਰੇ ਦੀ ਨਵੀਂ ਬਿਲਡਿੰਗ ਬਣਵਾ ਕੇ ਓਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਕਰ ਲਿਆ ਸੀ। ਨਵੇਂ ਗੁਰ-ਦੁਆਰਾ ਸਾਹਿਬ ਦੀ ਕਮੇਟੀ ਵੀ ਬਣਾ ਲਈ ਤੇ ਫਿਰ ਨਵੇਂ ਤੇ ਪੁਰਾਣੇ ਗੁਰਦੁ-ਆਰੇ ਨੂੰ ਇਕੱਠਾ ਕਰਨ ਦੀ ਯੋਜਨਾ ਬਣਾਉਣੀ ਚਾਹੀ, ਪਰ ਪੁਰਾਣੇ ਗੁਰਦੁ-ਆਰੇ ਦੀ ਪ੍ਰਧਾਨ ਮਹਿੰਦਰ ਕੌਰ ਦੀ ਅਗਵਾਈ ਹੇਠ ਪ੍ਰਬੰਧਕਾਂ ਨੇ ਅਦਾਲਤ ਦਸੂਹਾ ਵਿਖੇ ਪੁਰਾਣੇ ਗੁਰੂ ਘਰ ਨੂੰ ਜਿਉਂ ਦਾ ਤਿਉਂ ਰੱਖਣ ਦਾ ਕੇਸ ਦਾਇਰ ਕਰ ਦਿੱਤਾ। ਸਾਲ 2008 ਵਿੱਚ ਅਦਾਲਤ ਨੇ ਪੁਰਾਣੀ ਕਮੇਟੀ ਦੇ ਹੱਕ ਵਿੱਚ ਫ਼ੈਸਲਾ ਦੇ ਦਿੱਤਾ ਤਾਂ ਨਵੀਂ ਕਮੇਟੀ ਨੇ ਸੈਸ਼ਨ ਕੋਰਟ ਹੁਸ਼ਿਆਰਪੁਰ ਵਿਖੇ ਉਸ ਫ਼ੈਸਲੇ ਵਿਰੁੱਧ ਅਪੀਲ ਦਾਇਰ ਕਰ ਦਿੱਤੀ, ਪਰ ਉਹ ਸੈਸ਼ਨ ਕੋਰਟ ਨੇ ਰੱਦ ਕਰ ਦਿੱਤੀ। ਇਸ ਪਿੱਛੋਂ ਨਵੇਂ ਗੁਰਦੁਆਰੇ ਦੇ ਪ੍ਰਬੰਧਕਾਂ ਨੇ ਗੁਰਦੁਆਰਾ ਗੁਰਬਾਣੀ ਸਾਗਰ ਪਿੰਡ ਚਾਂਗ ਬਸੋਆ ਦੇ ਨਾਮ ਉਤੇ ਰਜਿਸਟਰੇਸ਼ਨ ਕਰਾ ਕੇ ਜੁਝਾਰ ਸਿੰਘ ਨੂੰ ਪ੍ਰਧਾਨ ਬਣਾ ਲਿਆ ਤੇ ਨਵੀਂ ਕਮੇਟੀ ਨੇ ਪੁਰਾਣੀ ਕਮੇਟੀ ਭੰਗ ਕਰਕੇ ਇਕੋ ਗੁਰਦੁਆਰਾ ਕਮੇਟੀ ਬਣਾਉਣ ਦਾ ਅਦਾਲਤ ਵਿੱਚ ਕੇਸ ਕਰ ਦਿੱਤਾ। ਸਾਲ 2015 ਵਿੱਚ ਇਸ ਦਾ ਫੈਸਲਾ ਨਵੀਂ ਕਮੇਟੀ ਦੇ ਹੱਕ ਵਿੱਚ ਹੋ ਗਿਆ ਤਾਂ ਪੁਰਾਣੀ ਕਮੇਟੀ ਨੇ ਸੈਸ਼ਨ ਕੋਰਟ ਵਿੱਚ ਅਪੀਲ ਕੀਤੀ, ਜਿਹੜੀ ਸਾਲ 2018 ਵਿੱਚ ਰੱਦ ਹੋਣ ਨਾਲ ਨਵੀਂ ਕਮੇਟੀ ਦੇ ਹੱਕ ਦਾ ਫ਼ੈਸਲਾ ਆ ਗਿਆ। ਇਸ ਪਿੱਛੋਂ ਪੁਰਾਣੀ ਕਮੇਟੀ ਨੇ 3 ਸਤੰਬਰ 2018 ਨੂੰ ਹਾਈ ਕੋਰਟ ਵਿੱਚ ਅਪੀਲ ਕਰ ਦਿੱਤੀ, ਪਰ ਇਸ ਮੌਕੇ ਪਿਛਲੇ ਮਹੀਨੇ ਪਹਿਲਾਂ ਨਵੀਂ ਕਮੇਟੀ ਦੇ ਪ੍ਰਬੰਧਕਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਆਗੂਆਂ ਨੂੰ ਸੱਦ ਕੇ ਦੋ ਗੁਰਦੁਆਰਾ ਸਾਹਿਬ ਦੀ ਥਾਂ ਇਕੋ ਗੁਰੂ ਘਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਰੱਖਣ ਦੀ ਗੱਲ ਤੋਰੀ ਤਾਂ ਪੁਰਾਣੀ ਗੁਰਦੁਆਰਾ ਕਮੇਟੀ ਨੇ ਵਿਰੋਧ ਸ਼ੁਰੂ ਕਰ ਦਿੱਤਾ।

ਇਸ ਨਾਲ ਹਲਾਤ ਵਿਗੜੇ ਵੇਖੇ ਤਾਂ ਡੀ ਐੱਸ ਪੀ ਟਾਂਡਾ ਗੁਰਪ੍ਰੀਤ ਸਿੰਘ ਗਿੱਲ ਨੇ ਬੀਤੀ 16 ਅਪ੍ਰੈਲ ਨੂੰ ਆਪਣੇ ਦਫ਼ਤਰ ਵਿਖੇ ਦੋਵੇਂ ਕਮੇਟੀਆਂ ਦੇ ਪ੍ਰਬੰਧਕਾਂ ਤੇ ਸਤਿਕਾਰ ਸਭਾ ਦੇ ਆਗੂਆਂ ਨਾਲ ਗੱਲਬਾਤ ਕਰਕੇ ਮਸਲੇ ਦਾ ਹੱਲ ਕੱਢਣ ਦੀ ਪਹਿਲ ਕੀਤੀ, ਪਰ ਪੁਰਾਣੀ ਗੁਰ-ਦੁਆਰਾ ਕਮੇਟੀ ਨੇ ਹਾਈ ਕੋਰਟ ਵਿਖੇ ਅਪੀਲ ਵਾਲਾ ਪੱਖ ਰੱਖਿਆ। ਇਸ ਪਿੱਛੋਂ ਡੀ ਐੱਸ ਪੀ ਟਾਂਡਾ ਗੁਰਪ੍ਰੀਤ ਸਿੰਘ ਗਿੱਲ ਨੇ ਦੋਵੇਂ ਕਮੇਟੀਆਂ ਦੇ ਪ੍ਰਬੰਧਕਾਂ ਨੂੰ ਕਹਿ ਦਿੱਤਾ ਕਿ ਹਾਈ ਕੋਰਟ ਵਿੱਚ ਚੱਲਦੇ ਕੇਸ ਦੌਰਾਨ ਸਥਿਤੀ ਜਿਉਂ ਦੀ ਤਿਉਂ ਰਹੇਗੀ, ਪਰ ਐਤਵਾਰ ਦੁਪਹਿਰੇ ਨਵੇਂ ਗੁਰਦੁਆਰਾ ਦੇ ਕਮੇਟੀ ਪ੍ਰਬੰਧਕਾਂ ਨੇ ਪੁਰਾਣੇ ਗੁਰੂ ਘਰ ਦੇ ਜਿੰਦਰੇ ਤੋੜ ਕੇ ਸ੍ਰੀ ਗੁਰ ਗ੍ਰੰਥ ਸਾਹਿਬ ਦੇ ਸਰੂਪ ਨਵੇਂ ਗੁਰਦੁਆਰਾ ਸਾਹਿਬ ਪੁਚਾ ਦਿੱਤੇ, ਜਿਸ ਦੇ ਨਾਲ ਮਾਮਲਾ ਗੰਭੀਰ ਹੋ ਗਿਆ। ਪੁਰਾਣੇ ਗੁਰਦੁਆਰਾ ਪ੍ਰਬੰਧਕਾਂ ਨੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ ਅਤੇ ਪਤਾ ਲੱਗਦੇ ਸਾਰ ਡੀ ਐੱਸ ਪੀ ਟਾਂਡਾ ਗੁਰਪ੍ਰੀਤ ਸਿੰਘ ਗਿੱਲ, ਡੀ ਐੱਸ ਪੀ ਮੁਕੇਰੀਆਂ ਰਵਿੰਦਰ ਸਿੰਘ ਅਤੇ ਹੋਰ ਕਈ ਪੁਲਸ ਅਫਸਰ ਓਥੇ ਪੁੱਜ ਗਏ। ਇਸ ਪਿੱਛੋਂ ਪ੍ਰਸ਼ਾਸਨ ਨੇ ਨਵੀਂ ਗੁਰਦੁ-ਆਰਾ ਕਮੇਟੀ ਦੇ ਆਗੂਆਂ ਨੂੰ ਗ੍ਰਿਫਤਾਰ ਕਰ ਕੇ ਲੋਕਾਂ ਨੂੰ ਸ਼ਾਂਤ ਕੀਤਾ ਗਿਆ।

# ਸਹੁੰ ਚੁੱਕ ਸਮਾਗਮ ਵਿੱਚ ਪੰਜਾਬ ਦੇ ਆਗੂਆਂ ਨੂੰ ਪੰਜਾਬੀ ਚੇਤੇ ਨਹੀਂ ਰਹੀ



ਚੰਡੀਗੜ੍ਹ, 2 ਜੂਨ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮੰਤਰੀ ਮੰਡਲ ਨੂੰ ਰਾਸ਼ਟਰਪਤੀ ਭਵਨ ਦੇ ਸਹੁੰ ਚੁੱਕ ਸਮਾਗਮ ਦੌਰਾਨ ਜਦੋਂ ਅਹੁਦੇ ਅਤੇ ਭੇਦ ਗੁਪਤ ਰੱਖਣ ਦੀ ਸਹੁੰ ਚੁਕਾਈ ਗਈ ਤਾਂ ਪੰਜਾਬ ਦੀ ਜੜ੍ਹਾਂ ਵਾਲੇ ਤਿੰਨਾਂ ਹੀ ਆਗੂਆਂ ਨੇ ਅੰਗਰੇਜ਼ੀ ਵਿੱਚ ਸਹੁੰ ਚੁੱਕ ਕੇ ਆਪਣੀ ਮਾਂ ਬੋਲੀ ਨੂੰ ਪਿੱਛੇ ਧੱਕ ਦਿੱਤਾ ਹੈ।

ਪਾਰਲੀਮੈਂਟਰੀ ਹਲਕਾ ਬਠਿੰਡਾ ਤੋਂ ਅਕਾਲੀ ਦਲ ਦੀ ਪਾਰਲੀਮੈਂਟ ਮੈਂਬਰ ਚੁਣੀ ਗਈ ਹਰਸਿਮਰਤ ਕੌਰ ਬਾਦਲ, ਹੁਸ਼ਿਆਰਪੁਰ ਤੋਂ ਭਾਰਤੀ ਜਨਤਾ ਪਾਰਟੀ ਦੇ ਪਾਰਲੀਮੈਂਟ ਮੈਂਬਰ ਸੋਮ ਪ੍ਰਕਾਸ਼ ਅਤੇ ਅੰਮ੍ਰਿਤਸਰ ਤੋਂ ਭਾਜਪਾ ਟਿਕਟ ਨਾਲ ਚੋਣ ਲੜ ਕੇ ਹਾਰ ਗਏ ਤੇ ਰਾਜ ਸਭਾ ਮੈਂਬਰ ਵਜੋਂ ਕੇਂਦਰੀ ਮੰਤਰੀ ਦੀ ਸਹੁੰ ਚੁੱਕਣ ਵਾਲੇ ਹਰਦੀਪ ਸਿੰਘ ਪੁਰੀ ਨੇ ਅਹੁਦੇ ਦੀ ਸਹੁੰ ਅੰਗਰੇਜ਼ੀ ਵਿੱਚ ਚੁੱਕ ਕੇ ਸਾਰੇ ਪੰਜਾਬੀਆਂ ਨੂੰ ਹੈਰਾਨ ਕਰ ਦਿੱਤਾ ਹੈ। ਇਨ੍ਹਾਂ ਵੱਲੋਂ ਸਹੁੰ ਚੁੱਕਣ ਮੌਕੇ ਸ਼ੁਰੂਆਤ ਹੀ ਪੰਜਾਬੀ ਨੂੰ ਭੁੱਲ ਕੇ ਕਰਨ ਦੇ ਨਾਲ ਕਈ ਤਰ੍ਹਾਂ ਦੇ ਸ਼ੰਕੇ ਪੈਦਾ ਹੋਣ ਲੱਗ ਪਏ ਹਨ ਕੀ ਇਹ ਮੈਂਬਰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਆਵਾਜ਼ ਪਾਰਲੀਮੈਂਟ ਵਿੱਚ ਬੁਲੰਦ ਕਰਨ ਦੇ ਸਮਰੱਥ ਹੋਣਗੇ। ਵਰਨਣ ਯੋਗ ਹੈ ਕਿ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਮੁੱਖ ਮੰਤਰੀ ਦੇ ਕਾਰਜਕਾਲ ਵਿੱਚ ਪੰਜਾਬੀ ਭਾਸ਼ਾ ਨੂੰ ਬਣਦਾ ਸਥਾਨ ਦਿਵਾਉਣ ਲਈ ਯਤਨ ਕਰਨ ਦਾ ਦਾਅਵਾ ਕਈ ਵਾਰ ਕੀਤਾ ਸੀ, ਪਰ ਜਾਪਦਾ ਹੈ ਕਿ ਬਾਦਲ ਪਰਵਾਰ ਵਿੱਚ ਵੀ ਪੰਜਾਬੀ ਭਾਸ਼ਾ ਨੂੰ ਮਾਨਤਾ ਨਹੀਂ ਮਿਲ ਸਕੀ ਅਤੇ ਬੀਬੀ ਹਰਸਿਮਰਤ ਕੌਰ ਬਾਦਲ ਨੇ ਫੱਰਾਟੇਦਾਰ ਅੰਗਰੇਜ਼ੀ ਬੋਲ ਕੇ ਸਹੁੰ ਚੁੱਕੀ ਹੈ। ਪਿੰਡ ਦੌਲਤਪੁਰ ਜ਼ਿਲਾ ਨਵਾਂ ਸ਼ਹਿਰ ਦੇ ਜੰਮ-ਪਲ ਹੁਸ਼ਿਆਰਪੁਰ ਹਲਕੇ ਤੋਂ ਜਿੱਤੇ ਹੋਏ ਭਾਜਪਾ ਦੇ ਪਾਰਲੀਮੈਂਟ ਮੈਂਬਰ ਤੇ ਸਾਬਕਾ ਆਈ ਏ ਐਸ ਅਧਿਕਾਰੀ ਸੋਮ ਪ੍ਰਕਾਸ਼ ਨੇ ਵੀ ਅੰਗਰੇਜ਼ੀ ਵਿੱਚ ਸਹੁੰ ਚੁੱਕੀ ਹੈ। ਸੋਮ ਪ੍ਰਕਾਸ਼ ਪੰਜਾਬ ਵਿਧਾਨ ਸਭਾ ਵਿੱਚ ਆਪਣੀ ਗੱਲ ਪੰਜਾਬੀ ਵਿੱਚ ਰੱਖ ਕੇ ਸਾਰਿਆਂ ਨੂੰ ਕੀਲ ਲੈਂਦੇ ਰਹੇ ਸਨ। ਵਿਦੇਸ਼ ਸੇਵਾ ਦੇ ਸਾਬਕਾ ਅਧਿਕਾਰੀ ਹਰਦੀਪ ਸਿੰਘ ਪੁਰੀ ਨੇ ਵੀ ਪੰਜਾਬੀ ਨੂੰ ਵਿਸਾਰ ਕੇ ਅੰਗਰੇਜ਼ੀ ਵਿੱਚ ਸਹੁੰ ਚੁੱਕਣ ਨੂੰ ਪਹਿਲ ਦੇਣਾ ਠੀਕ ਸਮਝਿਆ ਹੈ।

## ਰੇਮੰਡ ਗਰੁੱਪ ਦਾ ਘਰੇਲੂ ਵਿਵਾਦ :

# ਸਿੰਘਾਨੀਆ ਨੇ ਪੁੱਤਰ ਦੇ ਖਿਲਾਫ ਪਦਮ ਭੂਸ਼ਣ ਚੋਰੀ ਕਰਨ ਦੀ ਸ਼ਿਕਾਇਤ ਦਰਜ ਕਰਵਾਈ

ਮੁੰਬਈ, 2 ਜੂਨ (ਪੋਸਟ ਬਿਊਰੋ)- ਸੰਸਾਰ ਪ੍ਰਸਿੱਧ ਰੇਮੰਡ ਗਰੁੱਪ ਦੇ ਚੇਅਰਮੈਨ ਗੌਤਮ ਸਿੰਘਾਨੀਆ ਅਤੇ ਉਸ ਦੇ ਪਿਤਾ ਏਮੈਰਿਟਸ ਦੇ ਸਾਬਕਾ ਚੇਅਰਮੈਨ ਡਾਕਟਰ ਵਿਜੇਪਤ ਸਿੰਘਾਨੀਆ ਵਿੱਚ ਲੰਬੇ ਸਮੇਂ ਤੋਂ ਚੱਲ ਰਹੇ ਜਾਇਦਾਦ ਦੇ ਝਗੜੇ ਨੇ ਅਣਸੁਖਾਵਾਂ ਮੋੜ ਲੈ ਲਿਆ ਹੈ। ਇਸੇ ਬਾਰੇ ਵਿਜੇਪਤ ਸਿੰਘਾਨੀਆ ਨੇ ਵਰਲੀ ਥਾਣੇ ਵਿੱਚ ਗੌਤਮ ਸਿੰਘਾਨੀਆ ਤੇ ਕੰਪਨੀ ਦੇ ਪੰਜ ਹੋਰ ਅਧਿਕਾਰੀਆਂ ਵਿਰੁੱਧ ਚੋਰੀ ਅਤੇ ਅਪਰਾਧਕ ਕਬਜ਼ੇ ਦੀ ਸ਼ਿਕਾਇਤ ਦਰਜ ਕਰਵਾਈ ਹੈ।

ਇਸ ਤੋਂ ਪਹਿਲਾਂ ਵਿਜੇਪਤ ਸਿੰਘਾਨੀਆ ਨੇ ਵਰਲੀ ਦੇ ਮਹਿੰਦਰਾ ਟਾਵਰ ਵਿੱਚ ਉਸ ਦੇ ਕੈਬਿਨ ਤੋਂ ਕੀਮਤੀ ਅਤੇ ਮਹੱਤਵ ਪੂਰਨ ਚੀਜ਼ਾਂ ਦੀ ਚੋਰੀ ਦੀ ਸ਼ਿਕਾਇਤ ਵਰਲੀ ਪੁਲਸ ਨੂੰ ਦਿੱਤੀ ਸੀ, ਪਰ ਪੁਲਸ ਨੇ ਕੇਸ ਦਰਜ ਨਹੀਂ ਕੀਤਾ ਸੀ। ਇਸ ਪਿੱਛੋਂ ਵਿਜੇਪਤ ਸਿੰਘਾਨੀਆ ਨੇ ਦਾਦਰ ਮੈਟਰੋਪਾਲੀਟਨ ਅਦਾਲਤ ਨੂੰ ਅਪੀਲ ਕੀਤੀ, ਜਿਸ ਉਤੇ ਅਦਾਲਤ ਨੇ ਇਸ ਦੀ ਜਾਂਚ ਦਾ ਹੁਕਮ ਦਿੱਤਾ ਸੀ। ਚੋਰੀ ਕੀਤੀਆਂ ਚੀਜ਼ਾਂ ਵਿੱਚ ਰਾਸ਼ਟਰਪਤੀ ਵੱਲੋਂ ਜਾਰੀ ਪਦਮ ਭੂਸ਼ਣ ਦਾ ਸਰਟੀਫਿਕੇਟ ਤੇ ਗੋਲਡ ਮੈਡਲ, ਵਰਲਡ ਰਿਕਾਰਡਜ਼ ਏਵੀਏਸ਼ਨ ਦਾ ਗੋਲਡ ਮੈਡਲ, ਵੱਧ ਤੋਂ ਵੱਧ ਉਚਾਈ ਉਤੇ ਗਰਮ ਹਵਾ ਦਾ ਗੁਬਾਰਾ ਉਡਾਉਣ ਦੇ ਵਿਸ਼ਵ ਰਿਕਾਰਡ ਦਾ ਸਰਟੀਫਿਕੇਟ, ਭਾਰਤੀ ਹਵਾਈ ਫੌਜ ਦੇ ਮੁਖੀ ਵੱਲੋਂ ਦਿੱਤਾ ਸਰਟੀਫਿਕੇਟ, ਚਿੱਤਰ ਅਤੇ ਫੋਟੋਗਰਾਫੀ ਆਦਿ ਦੇ ਇਲਾਵਾ ਬਲਾਰਡ ਅਸਟੇਟ ਦੇ ਦਫਤਰ ਤੋਂ ਇਨਕਮ ਟੈਕਸ ਰਿਟਰਨਾਂ, ਬੈਂਕ ਦਸਤਾਵੇਜ਼, ਨਿਵੇਸ਼, ਜਾਇਦਾਦ ਆਦਿ ਨਾਲ ਸੰਬੰਧਤ ਚੋਰੀ ਕੀਤੀਆਂ ਗਈਆਂ ਨਿੱਜੀ ਫਾਈਲਾਂ ਸ਼ਾਮਲ ਸਨ। ਵਿਜੇਪਤ ਸਿੰਘਾਨੀਆ ਦੇ ਵਕੀਲ ਅਨੁਸਾਰ ਇਹ ਸਾਰੀਆਂ ਚੀਜ਼ਾਂ ਵਿਜੇਪਤ ਦੇ ਮਾਣ-ਸਨਮਾਨ ਦੇ ਪੱਖ ਤੋਂ ਕੀਮਤੀ ਅਤੇ ਮਹੱਤਵ ਪੂਰਨ ਹਨ, ਜੋ ਉਸ ਸਮੇਂ ਤੱਕ ਉਥੇ ਮੌਜੂਦ ਸਨ, ਜਦ ਉਹ ਕੰਪਨੀ ਦੇ ਏਮੈਰਿਟਸ ਦੇ ਚੇਅਰਮੈਨ ਦੇ ਰੂਪ ਵਿੱਚ ਕੰਮ ਕਰ ਰਹੇ ਸਨ।

ਸ਼ਿਕਾਇਤ ਦੇ ਜਵਾਬ ਵਿੱਚ ਗੌਤਮ ਸਿੰਘਾਨੀਆ ਨੇ ਈ-ਮੇਲ ਭੇਜ ਕੇ ਸਾਰੇ ਦੋਸ਼ਾਂ ਨੂੰ ਨਕਾਰਦੇ ਹੋਏ ਕਿਹਾ ਹੈ, "ਇਹ ਸਭ ਬੇਬੁਨਿਆਦ ਤੇ ਮੰਦਭਾਗਾ ਦੋਸ਼ ਹੈ। ਉਨ੍ਹਾਂ (ਵਿਜੇਪਤ ਸਿੰਘਾਨੀਆ) ਦੀਆਂ ਨਿੱਜੀ ਚੀਜ਼ਾਂ ਕਿਸੇ ਵਿਅਕਤੀ ਦੇ ਕੰਮ ਦੀਆਂ ਨਹੀਂ ਤੇ ਬੀਤੇ ਵਿੱਚ ਵੀ ਅਜਿਹੇ ਦੋਸ਼ ਲਗਦੇ ਰਹੇ ਹਨ।


AL EMPLOYMENT SERVICES INC

ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!

- General Labour
- AZ-DZ Drivers
- Machine Operators
- Machine Mechanic
- Millwright's
- Shift Supervisor
- Forklift Driver
- Office Admin

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ



- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Minimum 1 year experience & Trained mechanic

ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

# ਕਾਂਗਰਸ ਹੈੱਡਕੁਆਰਟਰ ਵੱਲ ਰਾਫੇਲ ਜਹਾਜ਼ ਦਾ ਮੂੰਹ ਕੀਤਾ



ਨਵੀਂ ਦਿੱਲੀ, 2 ਜੂਨ (ਪੋਸਟ ਬਿਊਰੋ)- ਭਾਰਤੀ ਹਵਾਈ ਫ਼ੌਜ ਦੇ ਮੁਖੀ ਬੀ ਐੱਸ ਧਨੋਆ ਦੀ ਸਰਕਾਰੀ ਰਿਹਾਇਸ਼ ਦੇ ਬਾਹਰ ਰਾਫੇਲ ਜਹਾਜ਼ ਦਾ ਮਾਡਲ ਲਾ ਦਿਤਾ ਗਿਆ ਹੈ। ਧਨੋਆ ਦੀ ਰਿਹਾਇਸ਼ ਦਾ ਨੰਬਰ 23 ਹੈ ਤੇ ਇਹ 24, ਅਕਬਰ ਰੋਡ ਉੱਤੇ ਕਾਂਗਰਸ ਪਾਰਟੀ ਦੇ ਕੌਮੀ ਹੈੱਡਕੁਆਰਟਰ ਦੇ ਠੀਕ ਸਾਹਮਣੇ ਪੈਂਦੀ ਹੈ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਹਵਾਈ ਫ਼ੌਜ ਮੁਖੀ ਦੇ ਘਰ ਮੂਹਰੇ ਸੁਖੋਈ ਜਹਾਜ਼ ਦਾ ਮਾਡਲ ਲੱਗਾ ਹੁੰਦਾ ਸੀ, ਜਿਹੜਾ ਕੁਝ ਮਹੀਨੇ ਪਹਿਲਾਂ ਹਟਾਇਆ ਗਿਆ ਸੀ। ਪਹਿਲਾ ਰਾਫੇਲ ਜੰਗੀ ਜਹਾਜ਼ ਭਾਰਤ ਦੀ ਹਵਾਈ ਫ਼ੌਜ ਨੂੰ ਇਸ ਸਾਲ ਦੇ ਸਤੰਬਰ ਵਿੱਚ ਸੌਂਪਿਆ ਜਾਣ ਦੀ ਆਸ ਹੈ। ਭਾਰਤ ਦੇ ਹਵਾਈ ਵਾਤਾਵਰਨ ਵਿੱਚ ਇਸ ਜਹਾਜ਼ ਦਾ 1500 ਘੰਟੇ ਦਾ ਫਲਾਇੰਗ ਟੈਸਟ ਕੀਤਾ ਜਾਵੇਗਾ ਤੇ ਇਸ ਤੋਂ ਬਾਅਦ ਚਾਰ ਜਹਾਜ਼ਾਂ ਦਾ ਰਾਫੇਲ ਦਾ ਬੇੜਾ ਅਗਲੇ ਸਾਲ ਮਈ 2020 ਵਿੱਚ ਭਾਰਤ ਦੇ ਅੰਬਾਲਾ ਏਅਰ ਫੋਰਸ ਸਟੇਸ਼ਨ ਪਹੁੰਚੇਗਾ।

ਹਵਾਈ ਫ਼ੌਜ ਦੇ ਮੁਖੀ ਨੇ ਕਈ ਵਾਰੀ ਰਾਫੇਲ ਹਵਾਈ ਜਹਾਜ਼ ਨੂੰ ਭਾਰਤੀ ਹਵਾਈ ਫ਼ੌਜ ਲਈ ਗੇਮ ਚੇਂਜਰ ਕਿਹਾ ਹੈ। ਉਨ੍ਹਾਂ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਬਠਿੰਡਾ ਵਿੱਚ ਵੀ ਕਿਹਾ ਸੀ ਕਿ 'ਹਵਾਈ ਫ਼ੌਜ ਨੂੰ ਰਾਫੇਲ ਦੇ ਦੋ ਸਕੁਆਡਰਨ ਮਿਲਣਗੇ। ਇਸ ਜਹਾਜ਼ ਦੀ ਖ਼ਾਸੀਅਤ ਇਹ ਹੈ ਕਿ ਇਸ ਦੇ ਆਉਣ ਪਿੱਛੋਂ ਕੋਈ ਦੇਸ਼ ਭਾਰਤ ਦੀ ਆਕਾਸ਼ੀ ਸਰਹੱਦ ਦੀ ਉਲੰਘਣਾ ਕਰਨ ਦੀ ਹਿੰਮਤ ਨਹੀਂ ਕਰੇਗਾ। ਇਹ ਭਾਰਤ ਲਈ ਖ਼ਾਸ ਪ੍ਰਾਪਤੀ ਸਾਬਤ ਹੋਵੇਗਾ। ਇਸ ਦੇ ਮਿਲਣ ਤੋਂ ਬਾਅਦ ਗੁਆਂਢੀ ਦੇਸ਼ਾਂ ਨਾਲ ਇਕ ਵਾਰ ਫਿਰ ਸੰਤੁਲਨ ਦੀ ਨਵੀਂ ਸਥਿਤੀ ਬਹਾਲ ਹੋ ਜਾਵੇਗੀ।'




Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋ ਲੜਕਾ, ਉਮਰ 25 ਸਾਲ, ਕੱਦ 5'-11", ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /Study ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ, ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ, ਉਮਰ 27 ਸਾਲ, ਕੱਦ 5'-11", ਪੜ੍ਹਿਆ-ਲਿਖਿਆ, ਵੈਸ਼ਣੂ ਤੇ ਕੈਨੇਡਾ ਵਿੱਚ ਵੈਲ-ਸੈਟਲ ਲੱੜਕੇ ਲਈ ਪੜ੍ਹੀ-ਲਿਖੀ ਕੈਨੇਡੀਅਨ ਸਿਟੀਜ਼ਨ ਜਾਂ P.R ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-290-8872 । 905-963-9134 ਜਾਂ ਈ-ਮੇਲ : mdeol84@yahoo.com

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋ ਦੂਰ, ਬੀ ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10", Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੌਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 । 306-612-4093 ਜਾਂ ਇ ਮੇਲ ਕਰੋ: kaurindergrewal@gmail.com

{ YOUR AD HERE }
Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

Canadian born punjabi tonk kshatriya girl, 35 yrs old, 5'3", certificate in accounting. Boy should be hindu punjabi (36 to 39 yrs), (5'9" to 5'11"), attractive, athletic, vegetarian, educated. Plz send biodata with recent pictures.
E -mail: matri.response2018@gmail. com 1 mnth

ਸਿੱਧੂ ਗੁਰਸਿਖ, ਉਮਰ 33 ਸਾਲ, B.Sc Science,ਇੰਡੀਆ, ਲੁਧਿਆਣਾ ਵਿੱਚ ਅਧਿਆਪਕ ਦੀ ਜੋਬ ਕਰ ਰਹੀ ਲੜਕੀ ਲਈ ਲੜਕੇ ਦੀ ਲੋੜ ਹੈ। Divorcee ਤੇ ਵੀ ਗੋਰ ਕੀਤੀ ਜਾ ਸਕਦੀ ਹੈ; ਸੰਪਰਕ ਕਰੋ: 416-358-9294 । 204-583-3970 । 9815410050 1 mnth

ਜੱਟ ਸਿੱਖ ਲੱੜਕੀ, ਉਮਰ 27 ਸਾਲ, ਕੱਦ 5'-5", ਡਾਕਟਰ (M.D), ਕਨੇਡੀਅਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਡਾਕਟਰ ਜਾਂ ਵਧੀਆ ਨੌਕਰੀ ਕਰਦਾ ਸਿਟੀਜ਼ਨ ਲੜਕੇ ਦੀ ਚਾਹੀਦਾ ਹੈ। ਸੰਪਰਕ ਕਰੋ: 647-701-9163, 905-915-3043

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜਟ ਸਿਖ ਪਰਿਵਾਰਕ ਲੜਕੀ, ਉਮਰ 28 ਸਾਲ, ਕਦ 5'-4", +2 ਕੀਤੀ ਹੋਨਹਾਰ ਲੜਕੀ ਲਈ P.R or Divorcee ਲੜਕਾ ਚਾਹੀਦਾ ਹੈ। ਲੜਕੀ ਇਥੇ ਕਨੇਡਾ ਆਈ ਹੋਈ ਹੈ। ਕਾਲ ਕਰੋ : 289-489-9321 ਜਾਂ 1-204-951-7136

## ਲੜਕੇ ਦੀ ਲੋੜ

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6", Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +91 9872665678 । 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3", ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Cell n Tell Distribution Inc.
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

ਫੌਨਾਂ ਦੇ ਸਸਤੇ ਪਲਾਨ ਗਾਂਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Cell n Tell Distribution Inc.
1-401 Traders Blvd E, Mississauga, ON
Requires F/T Permanent Position, 30 Hrs P/Week " Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.
- $50 per hr
- Experience: 5 years or more
- Education: Bachelors Degree Business/Commerce

Email Resume at umar.w@cellntell.com

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਘਲੋਆ

# ਬੰਗਲਾਦੇਸ਼ ਨੇ ਦੱਖਣੀ ਅਫ਼ਰੀਕਾ ਨੂੰ 21 ਦੌੜਾਂ ਨਾਲ ਦਿੱਤੀ ਮਾਤ







ਲੰਡਨ, 2 ਜੂਨ (ਪੋਸਟ ਬਿਊਰੋ): ਬੰਗਲਾਦੇਸ਼ ਨੇ ਆਈਸੀਸੀ ਕ੍ਰਿਕਟ ਵਿਸ਼ਵ ਕੱਪ ਦੇ ਮੈਚ ਵਿਚ ਦੱਖਣੀ ਅਫ਼ਰੀਕਾ ਨੂੰ 21 ਦੌੜਾਂ ਨਾਲ ਤੋਂ ਹਰਾ ਦਿੱਤਾ। ਬੰਗਲਾਦੇਸ਼ ਨੇ 6 ਵਿਕੇਟਾਂ ’ਤੇ 330 ਦੌੜਾਂ ਬਣਾਈਆਂ ਸਨ। ਇਸ ਦੇ ਜਵਾਬ ’ਚ ਦੱਖਣੀ ਅਫ਼ਰੀਕਾ ਦੀ ਟੀਮ 8 ਵਿਕੇਟਾਂ ’ਤੇ 309 ਦੌੜਾਂ ਹੀ ਬਣਾ ਸਕੀ। ਇਸ ਤੋਂ ਪਹਿਲਾਂ, ਇੰਗਲੈਂਡ ਐਂਡ ਵੇਲਸ ਦੀ ਮੇਜ਼ਬਾਨੀ ਚ ਖੇਡੇ ਜਾ ਰਹੇ ਕ੍ਰਿਕਟ ਵਿਸ਼ਵ ਵੱਪ 2019 ਦਾ 5ਵਾਂ ਮੁਕਾਬਲਾ ਲੰਡਨ ਦੇ ਕੈਨਿੰਗਟਨ ਓਵਲ ਗਰਾਊਂਡ ਤੇ ਦੱਖਣੀ ਅਫ਼ਰੀਕਾ ਅਤੇ ਬੰਗਲਾਦੇਸ਼ ਵਿਚਕਾਰ ਖੇਡਿਆ ਗਿਆ। ਬੰਗਲਾਦੇਸ਼ ਨੇ ਵਿਸ਼ਵ ਕੱਪ ਦੇ ਆਪਣੇ ਪਹਿਲੇ ਮੈਚ ’ਚ ਦੱਖਣੀ ਅਫਰੀਕਾ ਖਿਲਾਫ਼ 50 ਓਵਰਾਂ ਚ 6 ਵਿਕੇਟਾਂ ਤੇ 330 ਦੌੜਾਂ ਦਾ ਮਜ਼ਬੂਤ ਸਕੋਰ ਬਣਾਇਆ। ਵਿਸ਼ਵ ਕੱਪ ਅਤੇ ਵਨਡੇ ’ਚ ਬੰਗਲਾਦੇਸ਼ ਦਾ ਹੁਣ ਤਕ ਦਾ ਇਹ ਸਭ ਤੋਂ ਉੱਚਾ ਸਕੋਰ ਹੈ। ‘ਦ ਓਵਲ' ਮੈਦਾਨ ’ਤੇ ਖੇਡੇ ਜਾ ਰਹੇ ਇਸ ਮੈਚ ’ਚ ਬੰਗਲਾਦੇਸ਼ ਲਈ ਮੁਸ਼ਫੀਕੁਰ ਰਹੀਮ (78) ਅਤੇ ਸ਼ਾਕਿਬ ਅਲ ਹਸਨ (75) ਨੇ ਅਰਧ ਸੈਂਕੜਾ ਲਾਇਆ। ਉਨ੍ਹਾਂ ਤੋਂ ਇਲਾਵਾ ਸੋਮਯ ਸਰਕਾਰ ਨੇ 42, ਮੁਹੰਮਦ ਮਿਥੁਨ ਨੇ 21, ਮਹਿਮੂਦੁੱਲਾਹ ਨੇ ਨਾਬਾਦ 46 ਅਤੇ ਮੋਸਦੱਕ ਹੁਸੈਨ ਨੇ 26 ਰਨਾਂ ਦਾ ਯੋਗਦਾਨ ਦਿੱਤਾ। ਦੱਖਣੀ ਅਫਰੀਕਾ ਵੱਲੋਂ ਫੇਹਲੁਕਵਾਓ ਅਤੇ ਇਮਰਾਨ ਤਾਹਿਰ ਅਤੇ ਕ੍ਰਿਸ ਮੋਰਿਸ ਨੇ 2-2 ਵਿਕੇਟਾਂ ਲਈਆਂ।

## ਹਾਰਨ ਤੋਂ ਬਾਅਦ ਕਪਤਾਨ ਫਾਫ ਡੂ ਪਲੇਸਿਸ ਨੇ ਕਿਹਾ: ਅਸੀਂ ਪਲਾਨ ਅਨੁਸਾਰ ਨਹੀਂ ਖੇਡ ਸਕੇ



ਲੰਡਨ, 2 ਜੂਨ (ਪੋਸਟ ਬਿਊਰੋ): ਬੰਗਲਾਦੇਸ਼ ਤੋਂ 21 ਦੌੜਾਂ ਨਾਲ ਮੈਚ ਹਾਰਨ ਤੋਂ ਬਾਅਦ ਦੱਖਣੀ ਅਫਰੀਕਾ ਦੇ ਕਪਤਾਨ ਫਾਫ ਡੂ ਪਲੇਸਿਸ ਨੇ ਕਿਹਾ ਕਿ ਅੱਜ ਦਾ ਦਿਨ ਸਾਡੇ ਪਲਾਨ ਦੇ ਮੁਤਾਬਕ ਨਹੀਂ ਰਿਹਾ। ਲੂੰਗੀ ਨਗੀਦੀ ਮੈਚ ਦੀ ਸ਼ੁਰੂਆਤ 'ਚ ਜ਼ਖਮੀ ਹੋ ਗਏ ਜੋ ਕਿ ਇਕ ਵਧੀਆ ਸ਼ੁਰੂਆਤ ਦੀ ਨਿਸ਼ਾਨੀ ਨਹੀਂ ਸੀ। ਬੰਗਲਾਦੇਸ਼ ਵਲੋਂ ਬਣਾਇਆ ਗਿਆ 330 ਦੌੜਾਂ ਦਾ ਟੀਚਾ ਬਹੁਤ ਜ਼ਿਆਦਾ ਸੀ ਤੇ ਹਰ ਇਕ ਨੇ ਬੱਲੇ ਨਾਲ ਵਧੀਆ ਖੇਡਿਆ ਪਰ ਅਸੀਂ ਇਹ ਜਿੱਤ ਹਾਸਲ ਨਹੀਂ ਕਰ ਸਕੇ। ਉਥੇ ਹੀ ਅਸੀਂ ਵੀ ਅੱਜ 50-60 ਫੀਸਦੀ ਹੀ ਬੱਲੇਬਾਜ਼ੀ ਕੀਤੀ ਜਿਸ ਕਾਰਨ ਬੰਗਲਾਦੇਸ਼ ਨੇ ਸਾਨੂੰ ਹਰਾ ਦਿੱਤਾ।

ਡੂ ਪਲੇਸਿਸ ਨੇ ਮੈਚ ਤੋਂ ਬਾਅਦ ਕਿਹਾ ਕਿ ਮੈਂ ਟਾਸ ਬਾਰੇ ਸੋਚ ਰਿਹਾ ਸੀ ਤੇ ਇਸ ਬਾਰੇ 'ਚ ਮੈਦਾਨ 'ਚ ਖੜੇ ਸਾਥੀ ਖਿਡਾਰੀਆਂ ਨਾਲ ਗੱਲ ਕੀਤੀ ਕਿ ਪਿੱਚ 'ਚ ਤੇਜ਼ ਤੇ ਉਛਾਲ ਹੈ। ਜੇਕਰ ਉਹ ਜ਼ਿਆਦਾ ਦੌੜਾਂ ਬਣਾ ਲੈਂਦੇ ਹਨ ਤਾਂ ਉਹ ਸਾਨੂੰ ਹਰਾ ਸਕਦੇ ਹਨ। ਅਸੀਂ ਉਮੀਦ ਤੋਂ ਜ਼ਿਆਦਾ ਦੌੜਾਂ ਦੇ ਦਿੱਤੀਆਂ ਜੋ ਕਿ ਵਧੀਆ ਨਹੀਂ ਸਨ। ਉਨ੍ਹਾਂ ਨੇ ਕਿਹਾ ਕਿ ਜਦੋਂ 45 ਓਵਰ ਹੋਏ ਤਾਂ ਮੈਂ ਸਕੋਰ-ਬੋਰਡ ਵੱਲ ਦੇਖਿਆਂ ਤੇ ਅਸੀਂ ਇਕ ਹੀ ਸਟੇਜ 'ਤੇ ਸੀ ਤੇ ਮੈਂ ਦੇਖ ਰਿਹਾ ਸੀ ਕਿ ਪਿਛਲੇ 5 ਓਵਰਾਂ ਤੋਂ ਅਸੀਂ ਕਾਫੀ ਬੁਰੀ ਸਥਿਤੀ 'ਚ ਹਾਂ। ਅਸੀਂ ਕ੍ਰੀਜ਼ 'ਤੇ ਤੇਜ਼ ਗੇਂਦਬਾਜ਼ ਅਟੈਕ ਦੇ ਨਾਲ ਉਤਰੇ ਤੇ ਲੂੰਗੀ ਜ਼ਖਮੀ ਹੋ ਗਿਆ। ਡੇਲ ਹੁਣ ਮਿਡਲ 'ਚ ਗੇਂਦਬਾਜ਼ੀ ਕਰਨਗੇ ਤੇ ਸਾਨੂੰ ਵਧੀਆ ਖਬਰ ਮਿਲਣ ਦੀ ਉਮੀਦ ਰਹੇਗੀ। ਇਹ ਸਾਡੇ ਲਈ ਆਸਾਨ ਨਹੀਂ ਸੀ।

## ਹਰਭਜਨ ਸਿੰਘ ਕਹਿੰਦਾ: ਪਾਕਿਸਤਾਨ ਕੋਲ ਭਾਰਤ ਨੂੰ ਹਰਾਉਣ ਦਾ ਕੋਈ ਮੌਕਾ ਨਹੀਂ ਹੈ



ਲੰਡਨ, 2 ਜੂਨ (ਪੋਸਟ ਬਿਊਰੋ): ਭਾਰਤੀ ਟੀਮ ਦੇ ਸਪਿਨਰ ਹਰਭਜਨ ਸਿੰਘ ਨੂੰ ਲੱਗਦਾ ਹੈ ਕਿ ਪਾਕਿਸਤਾਨੀ ਟੀਮ ਕੋਲ 16 ਜੂਨ ਨੂੰ ਭਾਰਤ ਵਿਰੁੱਧ ਹੋਣ ਵਾਲੇ ਵਿਸ਼ਵ ਕੱਪ ਮੈਚ 'ਚ ਹਰਾਉਣ ਦਾ ਕੋਈ ਮੌਕਾ ਨਹੀਂ ਹੈ ਕਿਉਂਕਿ ਸਰਫਰਾਜ ਅਹਿਮਦ ਦੀ ਅਗਵਾਈ ਵਾਲੀ ਮੌਜੂਦਾ ਟੀਮ 'ਚ ਅਨੁਭਵ (ਤਜਰਬੇ) ਦੀ ਕਮੀ ਹੈ। ਹਰਭਜਨ ਸਿੰਘ ਨੇ ਕਿਹਾ ਕਿ ਪਾਕਿ-ਸਤਾਨ ਦੀ ਫਾਰਮ ਜ਼ਿਆਦਾ ਸ਼ਾਨਦਾਰ ਨਹੀਂ ਹੈ ਤੇ ਉਸ ਕੋਲ ਜ਼ਿਆਦਾ ਤਜਰਬਾ ਵੀ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਬੀਤੇ ਸਮੇਂ ਦੀ ਪਾਕਿਸਤਾਨੀ ਟੀਮ ਨੂੰ ਹਰਾਉਣਾ ਬਹੁਤ ਮੁਸ਼ਕਿਲ ਸੀ ਪਰ ਮੌਜੂਦਾ ਟੀਮ ਭਾਰਤ ਵਿਰੁੱਧ 10'ਚੋਂ 9 ਬਾਰੀ ਹਾਰ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਕੋਈ ਮੌਕਾ ਹੀ ਨਹੀਂ ਹੈ।

## ਵਰਲਡ ਕੱਪ ਜਿੱਤਣਾ ਮੈਚ ਫਿਕਸਿੰਗ 'ਤੇ ਹੈ ਨਿਰਭਰ : ਆਮਿਰ ਖਾਨ



ਨਵੀਂ ਦਿੱਲੀ , 2 ਜੂਨ (ਪੋਸਟ ਬਿਊਰੋ):ਕ੍ਰਿਕਟ ਵਰਲਡ ਕੱਪ ਵਿਚ ਪਾਕਿਸਤਾਨ ਦੀ ਸੰਭਾਵਨਾਵਾਂ 'ਤੇ ਬੋਲਦਿਆਂ ਪਾਕਿਸਤਾਨੀ ਮੂਲ ਦੇ ਪ੍ਰੋਫੈਸ਼ਨਰ ਮੁੱਕੇਬਾਜ਼ ਆਮਿਰ ਖਾਨ ਦੀ ਜ਼ੁਬਾਨ ਫਿਸਲ ਗਈ। ਉਸ ਨੇ ਕਿਹਾ ਕਿ ਪਾਕਿਸਤਾਨ ਦਾ ਵਰਲਡ ਕੱਪ ਜਿੱਤਣਾ ਮੈਚ ਫਿਕਸਿੰਗ 'ਚੇ ਨਿਰਭਰ ਰਹਿੰਦਾ ਹੈ। ਦਰਅਸਲ, ਆਮਿਰ ਇਕ ਪ੍ਰੋਫੈਸ਼ਨਲ ਇਵੈਂਟ ਵਿਚ ਪਹੁੰਚੇ ਸੀ, ਇਸ ਦੌਰਾਨ ਉਸ ਤੋਂ ਪਾਕਿ-ਸਤਾਨ ਟੀਮ ਦੀਆਂ ਵਰਲਡ ਕੱਪ ਵਿਚ ਉਮੀਦਾਂ 'ਤੇ ਸਵਾਲ ਪੁੱਛਿਆ ਗਿਆ। ਆਮਿਰ ਨੇ ਕਿਹਾ ਕਿ ਮੈਨੂੰ ਲਗਦਾ ਹੈ ਕਿ ਪਾਕਿਸਤਾਨ ਦੀ ਤਰ੍ਹਾਂ ਵਰਲਡ ਕੱਪ ਵਿਚ ਹਿੱਸਾ ਲੈ ਰਹੀ ਹਰ ਟੀਮ ਦੇ ਕੋਲ ਚੰਗਾ ਮੌਕਾ ਰਹਿੰਦਾ ਹੈ ਪਰ ਪਾਕਿ ਟੀਮ ਮੈਚ ਫਿਕਸਿੰਗ 'ਤੇ ਨਿਰਭਰ ਰਹਿੰਦੀ ਹੈ।

'ਕਿਸਤਾਨੀ ਮੂਲ ਦੇ ਆਮਿਰ ਖਾਨ ਬ੍ਰਿਟੇਨ ਦੇ ਸਭ ਤੋਂ ਚਰਚਾ ਵਿਚ ਰਹਿਣ ਵਾਲੇ ਮੁੱਕੇਬਾਜ਼ ਹਨ। ਪਹਿਲੀ ਵਾਰ ਉਹ 2004 ਓਲੰਪਿਕ ਖੇਡਾਂ ਵਿਚ ਬ੍ਰਿਟੇਨ ਵਾਲੋਂ ਚਾਂਦੀ ਤਮਗਾ ਜਿੱਤ ਕੇ ਆਏ ਸੀ। ਇਸ ਤੋਂ ਬਾਅਦ ਆਮਿਰ ਨੇ ਪ੍ਰੋਫੈਸ਼ਨਲ ਮੁੱਕੇਬਾਜ਼ੀ ਵੱਲ ਕਦਮ ਵਧਾਇਆ।

# ਸੰਸਾਰ ਕੱਪ ’ਚ ਅੱਜ ਭਿੜਨਗੇ ਇੰਗਲੈਂਡ ਤੇ ਪਾਕਿਸਤਾਨ



ਨਾਟਿੰਘਮ, 2 ਜੂਨ (ਪੋਸਟ ਬਿਊਰੋ): ਵਿਸ਼ਵ ਦੀ ਨੰਬਰ-1 ਟੀਮ ਅਤੇ ਮੇਜ਼ਬਾਨ ਇੰਗਲੈਂਡ ਅਤੇ ਪਾਕਿ-ਸਤਾਨ ਵਿਚਾਲੇ ਸੋਮਵਾਰ ਨੂੰ ਹੋਣ ਵਾਲਾ ਵਿਸ਼ਵ ਕੱਪ ਮੁਕਾਬਲਾ ਉਸੇ ਪਿੱਚ 'ਤੇ ਖੇਡਿਆ ਜਾਵੇਗਾ, ਜੋ ਵਿਸ਼ਵ ਰਿਕਾਰਡ ਸਕੋਰਾਂ ਲਈ ਜਾਣੀ ਜਾਂਦੀ ਹੈ।

ਇੰਗਲੈਂਡ ਅਤੇ ਪਾਕਿਸਤਾਨ ਦੇ ਗੇਂਦਬਾਜ਼ਾਂ ਨੂੰ ਇਸ ਪਿੱਚ 'ਤੇ ਕਾਫੀ ਸਾਵਧਾਨੀ ਵਰਤਣੀ ਹੋਵੇਗੀ ਕਿਉਂਕਿ ਇਸ ਪਿੱਚ 'ਤੇ ਇੰਗਲੈਂਡ ਨੇ ਸਭ ਤੋਂ ਵੱਧ ਵਨ ਡੇ ਸਕੋਰ ਦਾ ਵਿਸ਼ਵ ਰਿਕ-ਾਰਡ 2 ਵਾਰ ਤੋੜਿਆ ਹੈ। ਇੰਗਲੈਂਡ ਨੇ ਪਿਛਲੇ ਸਾਲ ਆਸਟਰੇਲੀਆ ਖਿਲਾਫ 6 ਵਿਕਟਾਂ 'ਤੇ 481 ਦੌੜਾਂ ਦਾ ਵਿਸ਼ਾਲ ਸਕੋਰ ਬਣਾਇਆ ਸੀ, ਜਦਕਿ ਉਸ ਨੇ ਇਸ ਤੋਂ ਪਹਿਲਾਂ 2016 ਵਿਚ ਪਾਕਿਸਤਾਨ ਖਿਲਾਫ 3 ਵਿਕਟਾਂ 'ਤੇ 444 ਦੌੜਾਂ ਬਣਾਈਆਂ ਸਨ। ਇਹ ਪਿੱਚ ਉਸ ਪਿੱਚ ਤੋਂ ਪੂਰੀ ਤਰ੍ਹਾਂ ਵੱਖਰੀ ਹੈ। ਇਸ 'ਤੇ ਪਾਕਿਸਤਾਨ ਦੀ ਟੀਮ ਸ਼ੁੱਕਰਵਾਰ ਨੂੰ ਵੈਸਟਇੰਡੀਜ਼ ਖਿਲਾਫ ਸਿਰਫ 105 ਦੌੜਾਂ 'ਤੇ ਢੇਰ ਹੋ ਗਈ ਸੀ ਪਰ ਪਾਕਿਸਤਾਨ ਮੌਜੂਦਾ ਸਮੇਂ ਵਨ ਡੇ ਕ੍ਰਿਕਟ ਲਈ ਸਰਵਸ੍ਰੇਸ਼ਠ ਬੱਲੇਬਾਜ਼ੀ ਪਿੱਚ 'ਤੇ ਵਾਪਸੀ ਦੀ ਉਮੀਦ ਕਰ ਸਕਦਾ ਹੈ। ਇਸ ਵਿਸ਼ਵ ਕੱਪ ਲਈ ਮੰਨਿਆ ਜਾ ਰਿਹਾ ਸੀ ਕਿ ਵਿਸ਼ਾਲ ਸਕੋਰ ਬਣੇਗਾ ਪਰ ਏਸ਼ੀਆ ਦੀਆਂ ਟੀਮਾਂ ਨੂੰ ਅਜੇ ਤੱਕ ਸੰਘਰਸ਼ ਕਰਨਾ ਪਿਆ ਹੈ। ਪਾਕਿਸਤਾਨ ਦੀ ਟੀਮ ਵੈਸਟਇੰਡੀਜ਼ ਖਿਲਾਫ 105 ਅਤੇ ਸ਼੍ਰੀਲੰਕਾ ਦੀ ਟੀਮ ਨਿਊਜ਼ੀਲੈਂਡ ਖਿਲਾਫ 136 ਦੌੜਾਂ ਹੀ ਬਣਾ ਸਕੀ ਸੀ, ਜਦਕਿ ਅਫਗਾਨਿਸਤਾਨ ਨੇ ਵਿਸ਼ਵ ਚੈਂਪੀਅਨ ਆਸਟਰੇਲੀਆ ਖਿਲਾਫ 38.2 ਓਵਰਾਂ ਵਿਚ 207 ਦੌੜਾਂ ਬਣਾਈਆਂ ਸਨ। ਪਾਕਿਸਤਾਨ ਨੂੰ ਇੰਗਲੈਂਡ ਦੀ ਮਜ਼ਬੂਤ ਟੀਮ ਵਿਰੁੱਧ ਹਰ ਹਾਲ ਵਿਚ ਵਾਪਸੀ ਕਰਨੀ ਹੋਵੇਗੀ। ਉਸ ਨੇ ਦੱਖਣੀ ਅਫਰੀਕਾ ਖਿਲਾਫ 311 ਦੌੜਾਂ ਬਣਾਉਣ ਤੋਂ ਬਾਅਦ 104 ਦੌੜਾਂ ਨਾਲ ਜਿੱਤ ਹਾਸਲ ਕੀਤੀ ਸੀ।

ਪਾਕਿਸਤਾਨ ਦੇ ਬੱਲੇਬਾਜ਼ਾਂ ਨੂੰ ਵੈਸਟਇੰਡੀਜ਼ ਖਿਲਾਫ ਮੁਕਾਬਲੇ ਵਿਚ ਸ਼ਾਰਟ ਗੇਂਦਾਂ ਤੋਂ ਪ੍ਰੇਸ਼ਾਨ ਹੋਣਾ ਪਿਆ ਸੀ। ਹੁਣ ਇੰਗਲੈਂਡ ਖਿਲਾਫ ਮੁਕਾ-ਬਲੇ ਵਿਚ ਉਸ ਦੇ ਸਾਹਮਣੇ ਜੋਫਰਾ ਆਰਚਰ ਦੀ ਚੁਣੌਤੀ ਹੋਵੇਗੀ। ਉਸ ਨੇ ਦੱਖਣੀ ਅਫਰੀਕਾ ਦੇ ਬੱਲੇਬਾਜ਼ਾਂ ਨੂੰ ਆਪਣੀ ਸਪੀਡ ਅਤੇ ਉਛਾਲ ਨਾਲ ਹਿਲਾਇਆ ਸੀ ਪਰ ਵੱਡੇ ਸਕੋਰ ਵਾਲੀ ਪਿੱਚ 'ਤੇ ਉਹ ਕਿਸ ਤਰ੍ਹਾਂ ਦੀ ਗੇਂਦਬਾਜ਼ੀ ਕਰਨਗੇ, ਇਹ ਦੇਖਣਾ ਦਿਲਚਸਪ ਹੋਵੇਗਾ। ਪਾਕਿਸਤਾਨ ਵਨ ਡੇ ਵਿਚ ਲਗਾਤਾਰ 11 ਮੈਚ ਹਾਰ ਚੁੱਕਾ ਹੈ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
$1,000
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
A-1 RENOVATION GTA INC.
22 Listcreek Road, Brampton L6p 2n6

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
For Canada To US Runs
Local City Drivers @ 22/hr
For Owner Operator upto $1.62/mile
USA Driver $0.60/mile | Canada wide $0.50/mile
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
* Disability Insurance
* Travel Insurance
* Medical Benefits
* Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL
PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਦੀਪਿਕਾ ਨੇ ਸਾਈਨ ਨਹੀਂ ਕੀਤੀ ਲਵ ਰੰਜਨ ਦੀ ਅਗਲੀ ਫਿਲਮ

ਲਵ ਰੰਜਨ ਦੀ ਆਉਣ ਵਾਲੀ ਫਿਲਮ ਵਿੱਚ ਰਣਬੀਰ ਕਪੂਰ ਤੇ ਅਜੈ ਦੇਵਗਨ ਇਕੱਠੇ ਦਿਖਾਈ ਦੇਣਗੇ। ਇਸ ਦਾ ਐਲਾਨ ਪਿਛਲੇ ਸਾਲ ਹੋਇਆ ਸੀ ਤੇ ਚਰਚਾ ਸੀ ਕਿ ਇਸ ਵਿੱਚ ਦੀਪਿਕਾ ਪਾਦੁਕੋਣ ਨੂੰ ਕਾਸਟ ਕੀਤਾ ਜਾ ਰਿਹਾ ਹੈ, ਪਰ ਹਾਲੇ ਤੱਕ ਦੀਪਿਕਾ ਨੇ ਇਹ ਫਿਲਮ ਸਾਈਨ ਨਹੀਂ ਕੀਤੀ।

ਹਾਲੇ ਇਸ ਫਿਲਮ ਦੇ ਥੋੜ੍ਹੀ ਦੇਰੀ ਨਾਲ ਸ਼ੁਰੂ ਹੋਣ ਦਾ ਸ਼ੱਕ ਹੈ। ਕਿਹਾ ਜਾ ਰਿਹਾ ਹੈ ਕਿ ਇਸ ਦੀ ਰਿਲੀਜ਼ ਡੇਟ ਵੀ ਅੱਗੇ ਵਧ ਸਕਦੀ ਹੈ। ਫਿਲਮ ਇਸ ਸਾਲ ਦੇ ਬਜਾਏ ਅਗਲੇ ਸਾਲ ਸ਼ੁਰੂ ਹੋ ਸਕਦੀ ਹੈ। ਇਨ੍ਹੀਂ ਦਿਨੀਂ ਦੀਪਿਕਾ ਆਪਣੇ ਹੋਮ ਪ੍ਰੋਡਕਸ਼ਨ ਦੀ ਫਿਲਮ ‘ਛਪਾਕ’ ਵਿੱਚ ਬਿਜ਼ੀ ਹੈ।




# ‘ਸੁਪਰ 30’ ਦੇ ਪ੍ਰਮੋਸ਼ਨ ਦਾ ਹਿੱਸਾ ਨਹੀਂ ਹੋਣਗੇ ਵਿਕਾਸ ਬਹਿਲ



ਰਿਤਿਕ ਰੋਸ਼ਨ ਦੀ ਫਿਲਮ ‘ਸੁਪਰ 30’ ਦੇ ਨਿਰਦੇਸ਼ਕ ਰਹੇ ਵਿਕਾਸ ਬਹਿਲ ਪਿਛਲੇ ਸਾਲ ਮੀ ਟੂ ਸਕੈਂਡਲ ਵਿੱਚ ਫਸ ਗਏ ਸਨ। ਇਸ ਕਾਰਨ ‘ਸੁਪਰ 30’ ਦੀ ਟੀਮ ਨੇ ਇਹ ਫੈਸਲਾ ਲਿਆ ਹੈ ਕਿ ਵਿਕਾਸ ਇਸ ਫਿਲਮ ਦੇ ਪ੍ਰਮੋਸ਼ਨ ਦਾ ਹਿੱਸਾ ਨਹੀਂ ਹੋਣਗੇ। ਸੂਤਰਾਂ ਦੀ ਮੰਨੀਏ ਤਾਂ ਇਹ ਰਿਤਿਕ ਲਈ ਬਹੁਤ ਵੱਡੀ ਫਿਲਮ ਹੈ। ਪਹਿਲਾਂ ਤੋਂ ਹੀ ਕੰਗਨਾ ਨੇ ਇਸ ਫਿਲਮ ਬਾਰੇ ਕਾਫੀ ਹੰਗਾਮਾ ਕੀਤਾ ਹੋਇਆ ਹੈ। ਰਿਤਿਕ ਨਹੀਂ ਚਾਹੁੰਦੇ ਕਿ ਫਿਲਮ ਫਿਰ ਕਿਸੇ ਹੋਰ ਕਿਸਮ ਦੇ ਵਿਵਾਦ ਵਿੱਚ ਫਸ ਜਾਏ, ਇਸ ਲਈ ਉਨ੍ਹਾਂ ਨੇ ਇਹ ਡਿਸੀਜਨ ਲਿਆ ਹੈ।”


# ਤਾਪਸੀ ਲਈ ਬਹੁਤ ਖਾਸ ਹੈ ‘ਗੇਮ ਓਵਰ’



ਅਦਾਕਾਰਾ ਤਾਪਸੀ ਪੰਨੂ ਆਪਣੀ ਅਗਲੀ ਥ੍ਰਿਲਰ ਫਿਲਮ ‘ਗੇਮ ਓਵਰ’ ਵਿੱਚ ਵਿਖਾਈ ਦੇਵੇਗੀ। ਉਸ ਦਾ ਕਹਿਣਾ ਹੈ ਕਿ ਇਹ ਉਸ ਲਈ ਕਾਫੀ ਖਾਸ ਫਿਲਮ ਹੈ। ਫਿਲਮ 'ਚ ਤਾਪਸੀ ਵ੍ਹੀਲਚੇਅਰ ਉੱਤੇ ਬੈਠੀ ਨਜ਼ਰ ਆਵੇਗੀ, ਜੋ ਬਹੁਤ ਹੀ ਮੁਸ਼ਕਲ ਘਟਨਾ ਚੱਕਰ ਵਿੱਚ ਫਸ ਜਾਂਦੀ ਹੈ। ਫਿਲਮ ਦੇ ਨਿਰਦੇਸ਼ਕ ਅਸ਼ਵਿਨ ਸਰਵਾਨਨ ਹਨ। ਤਾਪਸੀ ਨੇ ਫਿਲਮ ਦੇ ਹਿੰਦੀ ਵਰਜਨ ਨੂੰ ਵੀ ਆਪਣੀ ਆਵਾਜ਼ ਦਿੱਤੀ ਹੈ। ਉਨ੍ਹਾਂ ਮੁਤਾਬਕ ਅਜਿਹੀ ਸਕ੍ਰਿਪਟ ਅਤੇ ਕਾਂਸੈਪਟ ਨੂੰ ਕਿਸੇ ਖਾਸ ਦਾਇਰੇ ਵਿੱਚ ਸ਼ੂਟ ਨਹੀਂ ਕੀਤਾ ਜਾ ਸਕਦਾ। ਇਹ ਇੱਕ ਅਜਿਹੀ ਫਿਲਮ ਹੈ, ਜਿਸ ਨੂੰ ਮੈਂ ਹਿੰਦੀ ਦੇ ਦਰਸ਼ਕਾਂ ਲਈ ਵੀ ਲਿਆਉਣਾ ਚਾਹੁੰਦੀ ਹਾਂ। ਅਨੁਰਾਗ ਕਸ਼ਯਪ ਇਸ ਫਿਲਮ ਦਾ ਹਿੰਦੀ ਵਰਜਨ ਪੇਸ਼ ਕਰ ਰਹੇ ਹਨ। ਫਿਲਮ ਵਿੱਚ ਸੰਗੀਤ ਰੌਨ ਯੋਹਾਨਨ ਦਾ ਹੈ।

# ‘ਇੰਦੂ ਕੀ ਜਵਾਨੀ’ ਵਿੱਚ ਹੋਵੇਗੀ ਕਿਆਰਾ

ਕਿਆਰਾ ਅਡਵਾਨੀ ਕੋਲ ਫਿਲਮਾਂ ਦੀ ਲਾਈਨ ਲੱਗੀ ਹੋਈ ਹੈ। ਇੱਕ ਪਾਸੇ ਜਿੱਥੇ ਸ਼ਾਹਿਦ ਕਪੂਰ ਨਾਲ ਉਸ ਦੀ ਫਿਲਮ ‘ਕਬੀਰ ਸਿੰਘ’ ਦਾ ਟ੍ਰੇਲਰ ਲਾਂਚ ਹੋ ਚੁੱਕਾ ਹੈ, ਉਥੇ ਅਕਸ਼ੈ ਕੁਮਾਰ ਨਾਲ ਉਸ ਲਈ ਫਿਲਮ ‘ਲਕਸ਼ਮੀ ਬੌਂਬ’ ਦਾ ਐਲਾਨ ਵੀ ਹੋ ਚੁੱਕਾ ਹੈ। ਦਿਲਜੀਤ ਦੁਸਾਂਝ, ਅਕਸ਼ੈ ਕੁਮਾਰ ਅਤੇ ਕਰੀਨਾ ਕਪੂਰ ਖਾਨ ਨਾਲ ਉਹ ਫਿਲਮ ‘ਗੁੱਡ ਨਿਊਜ਼’ ਵਿੱਚ ਵੀ ਕੰਮ ਕਰ ਰਹੀ ਹੈ। ਇਸ ਤੋਂ ਇਲਾਵਾ ਸਿਧਾਰਥ ਮਲਹੋਤਰਾ ਨਾਲ ਉਹ ਕਾਰਗਿਲ ਜੰਗ ਵਿੱਚ ਸ਼ਹੀਦ ਹੋਏ ਵਿਕਰਮ ਬੱਤਰਾ ਦੇ ਜੀਵਨ 'ਤੇ ਬਣਨ ਵਾਲੀ ਫਿਲਮ ‘ਸ਼ੇਰਸ਼ਾਹ’ ਵਿੱਚ ਵੀ ਹੋਵੇਗੀ। ਇਨ੍ਹਾਂ ਫਿਲਮਾਂ ਨਾਲ ਕਿਆਰਾ ਇੱਕ ਅਜਿਹੀ ਫਿਲਮ ਕਰਨ ਵਾਲੀ ਹੈ, ਜਿੱਥੇ ਉਹ ਪਹਿਲੀ ਵਾਰ ਟਾਈਟਲ ਰੋਲ ਵਿੱਚ ਹੋਵੇਗੀ। ਨਿਖਿਲ ਅਡਵਾਨੀ, ਨਿਰੰਜਨ ਅਯੰਗਰ ਤੇ ਰਾਇਨ ਸਟੀਫਨ ਦੇ ਨਿਰਮਾਣ ਵਿੱਚ ਬਣਨ ਵਾਲੀ ਫਿਲਮ ‘ਇੰਦੂ ਕੀ ਜਵਾਨੀ’ ਦੀ ਕਹਾਣੀ ਉਨ੍ਹਾਂ ਦੇ ਹੀ ਆਸਪਾਸ ਬੁਣੀ ਗਈ ਹੈ।






BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005


ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
- AZ Tractor trailer program
- Manual transmission & backup training everyday
- We welcome welfare workers & compensation clients

Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

**Tri-City** Professional Realty Inc., Brokerage — Number 1 Tri-City agent in Canada on basis of sales volume 2015

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਤਿਵਾਣਾ
ਫੋਨ: 416 802 5866
Tel: 905.793.5777




31 Melanie Dr. Unit #4 Brampton, ON L6T 5H8

Avtar Singh Tiwana
Sales Rep.

FOR SALE — Photo Not Available — $129,900
**Darcel/Brandon Gate**
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।


FOR SALE — $969,900
**Sandalwood/ Sunny Meadow**
5 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ ਨੂੰ 2 ਬੈਡਰੂਮ ਫੀਨਿਸ਼ਡ ਬੈਸਮੈਂਟ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ।


FOR SALE — $799,900
**Chinguacousy/Sandalwood**
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।


FOR SALE — $3,249,000
**Niagara Falls Ontario**
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।



# TCMPLUS

**10 YEARS' FAMOUS TRADITIONAL CHINESE MEDICINE CLINIC**

Herbal and Acupuncture.
Treat your roots, Real Result "NO FAKE".

**WE TREAT:**

- Diabetes
- Low Energy
- Depression
- Anxiety
- Gout
- Disc Pain
- Prostatitis
- High Blood Pressure
- Cron's Disease
- Colitis
- Stress
- Acid Reflux
- Digestive
- Sleep Disorder

1st Month Discount

**FREE CONSULTATION:** 905-415-6999
30 Wertheim court, Unit 11, Richmond Hill



ਮੰਨ ਪਸੰਦ ਦੀ ਕਿਚਨ ਤੇ ਵਾਸ਼ਰੂਮ ਬਣਵਾਓ

# PEARSON
**KITCHEN CABINET**

Free Estimate
We Specialize in granite, quartz & marble countertops

Special Discount for Contractors | Buy Direct From The Factory

100% Satisfaction On Time

KITCHEN CABINET

WASHROOM

ਵਾਜਿਬ ਦਾਮ ਤੇ ਸਮੇਂ ਸਿਰ ਕੰਮ

- Kitchen Cabinets..................(Maple, Oak, MDF)
- All Types of Counter Tops...(Marble, Granite, Quartz, etc.)
- All Types of Tiles...................(Porch Line, Matt) all sizes available.
- Hardwood & Laminate
- Installation of Shower / Standing Shower / Vanities & Tubs.
- We Install Pot Lights
- Paint Job with Kitchen/Washroom Installation
- All Types of Range Hoods....(Heavy Duty, etc)
- Custom Office Counters & Bar Installation

Vikramjit Sangha: 416-200-0931

271 - Glidden Rd. Unit#5, Brampton (Kennedy&Glidden)



# Dr. Randhawa Dentistry

*Your own dentist who really cares for you*

**We Provide the following Services:**

- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

**Dr. Samreet Kaur Randhawa**
General Family Dentist


New Patients welcome
Deal Directly with all Insurance Companies

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044






# ASIAN FOOD CENTRE



SERVING FROM 10 LOCATIONS IN ALL THE GTA AREA:

1. 621 Wanless drive unit 122 Brampton ON L7A 0A9 ............ 905-495-3336
2. 80 Pertosa Drive Brampton ON L5X-5E9 ............ 905-460-0009
3. 2120 North park drive Brampton ON L6S 0C9 ............ 905-793-1338
4. 284 Orenda Road #13 Brampton ON L6T 5S3 ............ 905-450-9167
5. 10 Westmore Drive Etobicoke ON M9V-3Z7 ............ 416-740-3262
6. 1075 Ceremonial Drive Mississauga ON L5R-2Z4............ 905-502-1600
7. 308 Eddystone Ave North York ON M3N-1H7 ............ 416-740-3360
8. 10510 Torbram Road, Brampton ............ 905-790-0030
9. 10 Pannahill Dr, Brampton ............ 905 913-8017
10. 21 Lacoste Blvd, Brampton, ON L6P 2K2 ............ 905 794-8109





www.BramptonTopRelator.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232


Other Realtors only Promise
But JAG AUJLA SOLD YOUR HOME WITH
GUARANTEED
OR HE'LL BUY IT!*
*Some Conditions Apply

Advertisement GUARANTEED Till SOLD

Top 1% Ranked in Broker
Call For a Quick & Free Home Evaluation
www.BramptonQuickHomeEvaluation.com
**2016,2015,2014,2013 **(2009,2008) 2012,2011,2010) **RE/MAX International **(2010) **(2014)

Urgently Need New Listing in Brampton/ GTA Call Jag Today To Sell Your Property For Top $$$ & Accurate Price

BRAMPTON



ਕਵੀਨ-ਮੈਰੀ/ਸੈਂਡਲਵੂਡ

ਸਾਫ ਸੁਥਰਾ ਡਬਲ ਸਟੋਰੀ ਡਿਟੈਚ ਘਰ ਜਿਸ ਨੂੰ 3 ਖੁਲ੍ਹੇ-ਡੁਲ੍ਹੇ ਲੈਮੀਨੇਟਡ ਬੈਡਰੂਮ, 4 ਵਾਸ਼ਰੂਮ ਨਾਲ ਹੀ finished ਬੈਸਮੈਂਟ ਤੇ rec room, ਹਾਰਡਵੁਡ ਫਲੋਰ, 9 ਫੁੱਟ ਸਿਲਿੰਗ, ਸਟੇਨਲੈਸ ਸਟੀਲ ਅਪਲਾਇੰਸਿਸ, ਬੈਡਰੂਮ ਨੂੰ 4 ਪੀਸ-ਇਨ ਸੂਟ ਤੇ ਵਾੱਕ ਇਨ ਕਲੋਜ਼ੇਟ ਤੇ ਹੋਰ ਵੀ ਬਹੁਤ ਕੁਝ।

BRAMPTON



ਵੈਨ ਕੂਕ/ਵੇਨਲੈਸ

ਵਧੀਆ ਤੇ ਸਾਫ ਸੁਥਰਾ 2532 ਸਕੇਅਰ ਫੁੱਟ 4 ਬੈਡਰੂਮ 4 ਵਾਸ਼ਰੂਮ ਦਾ ਡਿਟੈਚ ਘਰ ਜਿਸ ਨੂੰ ਕਿ ਡਬਲ ਡੋਰ ਏਂਟਰੈਂਸ, ਓਕ ਸਟੇਅਰਸ, ਹਾਰਡਵੂਡ ਫਲੋਰ, 9 ਫੁੱਟ ਸਿਲਿੰਗ, ਬੈਡਰੂਮ ਨੂੰ 5 ਪੀਸ-ਇਨ ਸੂਟ, ਸਟੇਨਲੈਸ ਸਟੀਲ ਅਪਲਾਇੰਸਿਸ, ਪਾਰਕ, ਸਕੂਲ ਆਦਿ ਸਹੂਲਤਾਂ ਦੇ ਨੇੜੇ।

GUELPH



ਗਲਫ, ਓਨਟਾਰੀਓ

ਗੁਰੂ ਘਰ ਦੇ ਨੇੜੇ, 6 ਸਾਲ ਪੁਰਾਣਾ ਤੇ ਸਾਫ-ਸੁਥਰਾ 3 ਬੈਡਰੂਮ, 4 ਵਾਸ਼ਰੂਮ ਦਾ ਸੈਮੀ ਡਿਟੈਚ, ਡਬਲ ਸਟੋਰੀ ਕਾਂਡੋ ਟਾਊਨ-ਹਾਊਸ। ਫੀਨਿਸ਼ਡ ਬੈਸਮੈਂਟ ਵਿੱਚ rec room, ਲੈਮੀਨੇਟਡ ਫਲੋਰ, ਮਾਸਟਰ ਬੈਡਰੂਮ ਨੂੰ 4 ਪੀਸ ਇਨ ਸੂਟ ਤੇ ਵਾਕ ਇਨ ਕਲੋਜ਼ਟ, ਸਕੂਲ, ਪਲਾਜ਼ਾ, ਆਦਿ ਦੇ ਨੇੜੇ।

BRAMPTON



ਹਾਈਵੇ 410/ਵੀਲੀਅਮ ਪਾਰਕਵੇ

ਸੋਹਣਾ ਤੇ ਸਾਫ ਸੁਥਰਾ 5 Level Back-Split ਸੇਮੀ ਡਿਟੈਚ 4 + 2 ਬੈਡਰੂਮ ਤੇ 3 ਵਾਸ਼ਰੂਮ ਘਰ ਜਿਸ ਨੂੰ ਕੀ ਬਹੁਤ ਸਾਰੇ ਅਪਗ੍ਰੇਡਜ਼, ਨਵੇਂ ਰੂਫ ਸ਼ਿੰਗਲ (2015), ਨਵੀਂ ਗਰਾਜ ਡੋਰ (2018) ਤੇ ਫੀਨਿਸ਼ਡ ਬੇਸਮੈਂਟ ਨੂੰ ਸੇਪਰੇਟ ਏਂਟਰੈਂਸ, ਸਟੇਨਲੈਸ ਸਟੀਲ ਅਪਲਾਇੰਸਿਸ, ਪਾਰਕ, ਸਕੂਲ ਆਦਿ ਸਹੂਲਤਾਂ ਨੇੜੇ।

BRAMPTON



ਵੇਨਲੈਸ/ਵੈਨ ਕੂਕ

ਬਹੁਤ ਹੀ ਵਧੀਆ 4+1 ਬੈਡਰੂਮ, 4 ਵਾਸ਼ਰੂਮ ਦਾ ਡਿਟੈਚ ਘਰ ਜਿਸ ਨੂੰ 50 ਫੁੱਟ Premium Corner Lot, ਫਿਨੀਸ਼ਡ ਬੇਸਮੈਂਟ ਨੂੰ ਸੇਪਰੇਟ ਏਂਟਰੈਂਸ, 9 ਫੁੱਟ ਸੀਲਿੰਗ, ਓਕ ਸਟੇਅਰਜ਼, ਹਾਡਵੂਡ ਤੇ ਲੈਮੀਨੇਟ, ਕੈਲੀਫੋਰਨੀਆ ਸ਼ਟਰਜ਼, ਲੋਡਡ ਵਿਦ ਟਨਸ ਆਫ ਅਪਗ੍ਰੇਡਜ਼, ਆਦਿ ਸਹੂਲਤਾਂ ਦੇ ਨੇੜੇ ਤੇ ਹੋਰ ਵੀ ਬਹੁਤ ਕੁਝ।

BRAMPTON



ਏਅਰਪੋਰਟ ਰੋਡ/ਸੈਂਡਲਵੂਡ

ਵਧੀਆ ਤੇ ਸਾਫ ਸੁਥਰਾ 3000 ਸਕੇਅਰ ਫੁੱਟ 5 ਬੈਡਰੂਮ ,4 ਵਾਸ਼ਰੂਮ ਅਤੇ ਆਫਿਸ ਦਾ ਡਿਟੈਚ ਘਰ 60 ਫੁੱਟ ਲਾਟ ਤੇ, Unfinished ਬੇਸਮੈਂਟ ਨੂੰ ਸੇਪਰੇਟ ਏਂਟਰੈਂਸ, 9 ਫੁੱਟ ਸੀਲਿੰਗ, ਨਵੇਂ ਹਾਰਡਵੂਡ ਫਲੋਰ, ਨਵੀਂ ਰੂਫ, ਅਪਗ੍ਰੇਡੇਡ ਕਿਚਨ ਨੂੰ ਗਰੇਨਾਇਟ ਕਾਂਉਟਰ ਟਾਪ, ਪਾਰਕ, ਸਕੂਲ ਆਦਿ ਸਹੂਲਤਾਂ ਦੇ ਨੇੜੇ ਤੇ ਹੋਰ ਵੀ ਬਹੁਤ ਕੁਝ।



REXDALE BODY SHOP
USED CAR SALE

Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Towing Service Car Paint Starts $799* upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com



Grand Upholstery Ltd
Sofa Company Originality in Every Piece

Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂਹੋਂ ਬੋਲਦੀ ਹੈ

Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com



SASH FLEET HOLDING LTD Established since 2007

NOW HIRING!!!
AZ DRIVERS FOR US
- 3 or more years' experience
- Good pay 6,000 to 7,000/month.
- Pay Bi-weekly.
- No waiting for freight.
- Direct customers
- Good new Equipment

HIRING!!! Operations Manager
- Pay as per the experience plus benefits after 3 month.
- Must have (4) or more years' experience working with freight brokers in the freight business or Sound links or network for Canadian & US freight.

Send all resume to recuit@sashts.com



NU WAY TOUR & TRAVELS INC.

ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

AIR CANADA, PIA, American Airlines, ETIHAD, KLM, Emirates, SWISS, BRITISH AIRWAYS, JET AIRWAYS

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife



Signature.ca
tico.ca IATA
Call Us For Guaranteed Lowest Airfare
ANY Airline Time Destination Around the World
WESTJET vacations
transat Holidays, sunwing, AIR CANADA VACATIONS

7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com



INTERSTATE FREIGHT SYSTEMS INC.

A/Z ਡਰਾਈਵਰਾਂ ਦੀ ਲੋੜ

USA, Montreal, Montreal Local Within Ontario
ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ

Also Hiring Owner Operators for local work & US

- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ

Please send resume at:
safety@interstatefreightsystem.com
Call: 416-452-0677
IFS



ਹੁਣ ਖੁੱਲ੍ਹ ਗਿਆ ਹੈ ਨਵਾਂ ਵਾਕ ਇਨ ਕਲੀਨਿਕ ਚਿੰਗਕੂਸੀ ਤੇ ਵੈਨਲੈਸ ਤੇ

ਕਲੀਨਿਕ ਵਿੱਚ ਫਾਰਮਾਸਿਸਟ ਉਪਲਬਧ



- ਔਰਤਾਂ ਦੀ ਕੋਈ ਵੀ ਸਮੱਸਿਆ ਲਈ ਤਜਰਬੇਕਾਰ ਮਹਿਲਾ ਡਾਕਟਰ
- ਮਰਦਾਂ, ਔਰਤਾਂ ਅਤੇ ਬੱਚਿਆਂ ਲਈ ਕੋਈ ਵੀ ਰਾਏ ਜਾਂ ਸਰੀਰਕ ਜਾਂਚ ਕਰਵਾ ਸਕਦੇ ਹੋ
- Immunization, ਡਾਈਟੀਸ਼ੀਅਨ ਅਤੇ ਫੁੱਟ ਕੇਅਰ ਲਈ ਨਰਸ
- ਲੈਬ ਸੇਵਾਵਾਂ
- ਅਸੀਂ ਡਾਈਬੀਟੀਜ਼ ਲਈ ਮੁਫ਼ਤ ਸਲਾਹ ਦਿੰਦੇ ਹਾਂ

New patients welcome / 7 ਦਿਨ ਖੁੱਲ੍ਹਾ
ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ Punjabi/Urdu/Hindi

ਚਿੰਗਕੂਸੀ ਅਤੇ ਵੈਨਲੈਸ ਨੇੜੇ, ਟੀ.ਡੀ. ਬੈਂਕ ਪਲਾਜ਼ਾ
Tel: 905-846-4952